# HAR SEWA MEDICAL TRUST LIMITED

Dhan Dhan Baba Bhagtu Ji

45-49 Burch Road,
Northfleet, Kent DA11 9NE
Tel: 01474 335114 Fax: 01474 363081

Email:info@harsewa.co.uk
Website: www.harsewa.co.uk
Registration Number: 9154615

Facebook: https://www.facebook.com/pages/Har-Sewa-Moranwali

# S. Makhan Singh Johal

## ਸਵ.ਸ. ਮੱਖਣ ਸਿੰਘ ਜੌਹਲ ਨੂੰ ਵਿਦਾਇਗੀ






**Makhan Singh Johal was born in village Jagatpur Jattan (Phagwara) on 23 November 1955 to Mata Gurdev Kaur Johal and the late Sardar Bawa Singh Johal. Makhan Singh Johal's tragic passing on 12 May 2020 left an unfillable void in the hearts and minds of countless people.**

A truly remarkable and multi-talented individual, Makhan Singh Johal was a hugely respected and prominent figure whose talents were first witnessed in music and Kabaddi. During the course of his prolific singing career, spanning over 35 years, he performed with Jugnu Bhangra Group, Rooh Punjab Dee and Four by Four Bhangra at events around the world, entertaining thousands with his powerful voice and onstage personality. He made a stellar contribution to the Guru Nanak Kabbadi Club where he played the sport for many years both in the UK and Internationally. Furthermore, his impact and influence was felt by younger kabaddi players in the club who were fortunate to be coached and mentored by him directly. His knowledge and passion for the sport was infectious and he played a pivotal role in the promotion of Kabaddi in the UK.

In latter years he was an active member of management for the Guru Nanak Darbar Gurdwara in Gravesend where he served the community selflessly and outstandingly for many years. Makhan Singh Johal also focused his tremendous energy on supporting the underprivileged and vulnerable in Jagatpur Jattan Village. In the village of Jagatpur Jattan, he founded a trust named after his father Sardar Bawa Singh Johal.

The trust has been instrumental in the creation of a free gym, park, street lighting, free ambulance service and medical camps. Not only this, with his passion and experience in fitness and health, he setup a boxing academy in Phagwara. The academy has proven to be a smash hit and has produced both State and National Champions with several Gold and Silver medals earning a well-earned reputation for sporting excellence.

Being someone who greatly valued education, Makhan Singh Johal financed directly the free education of countless children from under privileged backgrounds in Punjab. In addition, he contributed to the free medical care of many patients who were without the means to do so. He positively changed the lives of so many people and this is also evident in the outpouring of sadness and grief felt by countless in both the UK and India.

A true bedrock for his family, he lifted his family to great heights with sheer hard work, determination and commitment, instilling in them a passion for selfless service to the community and a love for life.

Makhan Singh Johal setup Cancer awareness and screening camps which helped save the lives of countless people. It is incredibly sad, that the very same disease he helped others screen for and overcome, took his life.

Makhan Singh Johal's everlasting contribution to the betterment of the community, his air of positivity and boundless enthusiasm and energy will be missed by all whose lives he changed. A magnificent character and one who we are grateful for having known and loved.





ਬਿਰਖਾਂ ਦੇ ਵਰਗੇ ਜਿਨਾਂ ਦੇ ਰਵੱਈਏ, ਅਵਾਰਾਂ ਜਮੀਨਾਂ ਦੇ ਮੌਜੀ ਗਵੱਈਏ

ਕਾਸ਼ਨੀ ਦਿਲਾਂ ਦੇ ਮਾਲਕ ਨੂੰ ਅਦਾ ਨਾਲ ਬੁਲਾਈਏ

ਅਜਿਹੇ ਫਕੀਰਾਂ ਦੇ ਜੇਵਰ , ਦੱਬੀਏ ਤਾਂ ਕਿੱਥੇ ਤੇ ਕਿੱਥੇ ਲੁਕਾਈਏ।

ਸ਼ੀਸ਼ ਮਹਿਲ ਮੁਸਕਾਨ, ਹਸੂੰ-ਹਸੂੰ ਕਰਦਾ ਚਿਹਰਾ, ਅੱਖਾਂ 'ਚ ਅਜੀਬ ਜਿਹੀ ਚਮਕ, ਹਮੇਸ਼ਾ ਚੜ੍ਹਦੀ ਕਲਾ ਵਾਲਾ, ਲੋੜਵੰਦਾਂ ਲਈ ਹਮੇਸ਼ਾ ਹਾਜ਼ਰ, ਦਿਲ ਵਿੱਚ ਹਰ ਇੱਕ ਲਈ ਦਇਆ ਅਤੇ ਪਿਆਰ ਰੱਖਣ ਵਾਲਾ, ਚੰਗਾ ਸੰਸਾਰ ਸਿਰਜਣ ਦੇ ਸੁਪਨੇ ਲੈਣ ਵਾਲਾ, ਆਪਣੇ ਦੋਸਤਾਂ -ਮਿੱਤਰਾਂ ਲਈ ਹਮੇਸ਼ਾਂ ਹਾਜ਼ਰ, ਉੱਚੀ ਸ਼ਖਸ਼ੀਅਤ ਦਾ ਮਾਲਕ ਪਿੰਡ ਜਗਤਪੁਰ ਜੱਟਾਂ(ਫਗਵਾੜਾ) ਵਿੱਚ 23 ਨਵੰਬਰ 1955 ਨੂੰ ਮਾਤਾ ਗੁਰਦੇਵ ਕੌਰ ਜੌਹਲ ਅਤੇ ਪਿਤਾ ਬਾਵਾ ਸਿੰਘ ਜੌਹਲ ਦੇ ਘਰ ਜਨਮੇ ਸ.ਮੱਖਣ ਸਿੰਘ ਜੌਹਲ ਬੇਸ਼ਕ 12 ਮਈ 2020 ਨੂੰ ਸਾਨੂੰ ਸਭ ਨੂੰ ਸਦੀਵੀ ਵਿਛੋੜਾ ਦੇ ਗਏ ਹਨ,ਉਨਾਂ ਦਾ ਜਾਣਾ ,ਇੰਝ ਲਗਦਾ ਹੈ ਕਿ ਜਿਵੇ ਕਾਇਆ ਦਾ ਕਾਸਾ ਭਰ ਗਿਆ ਹੋਵੇ ਅਤੇ ਰੂਹ ਤ੍ਰਿਪਤ ਹੋ ਕੇ, ਖੁਦਾ ਦੀ ਖਿਦਮਤ ਵਿੱਚ, ਖੁਦ ਨੂੰ ਸਮੇਟ ਲਿਆ ਹੋਵੇ।

ਬੇਸ਼ਕ ਉਹ ਬਹੁਤ ਛੋਟੀ ਉਮਰ ਵਿੱਚ ਬਰਤਾਨੀਆ ਦੀ ਧਰਤੀ ਵਿੱਚ ਪਹੁੰਚੇ , ਪਰ ਉਹਨਾਂ ਨੇ ਪਿੰਡ ਅਤੇ ਇਲਾਕੇ ਪ੍ਰਤੀ ਪਿਆਰ ਦੀ ਮਿਸ਼ਾਲ ਆਪਣੇ ਦਿਲ ਵਿੱਚ ਲਗਾਤਾਰ ਬਲਦੀ ਰੱਖੀ।ਪਿੰਡ ਜਗਤਪੁਰ ਜੱਟਾਂ ਦਾ ਬਹੁ-ਪੱਖੀ ਵਿਕਾਸ ਕੀਤਾ।ਆਪਣੇ ਪਿਤਾ ਸ. ਬਾਵਾ ਸਿੰਘ ਜੌਹਲ ਦੇ ਨਾਮ 'ਤੇ ਟਰੱਸਟ ਬਣਾਕੇ ਪਿੰਡ ਵਿੱਚ ਜਿੱਮ, ਸੁੰਦਰ ਪਾਰਕ, ਸਟਰੀਟ ਲਾਇਟਾਂ, ਫ੍ਰੀ ਐਬੂਲੈਂਸ ਅਤੇ ਮੈਡੀਕਲ ਕੈਂਪਾਂ ਆਦਿ ਦਾ ਪ੍ਰਬੰਧ ਕੀਤਾ।ਇਸ ਦੇ ਨਾਲ ਹੀ ਸ. ਮੱਖਣ ਸਿੰਘ ਜੀ ਭਾਵੇ ਪਿੰਡ ਮੋਰਾਂਵਾਲੀ ਦੇ ਵਸਨੀਕ ਨਹੀ ਸੀ ਪਰ ਉਨਾਂ ਨੇ ਹਰਸੇਵਾ ਟਰੱਸਟ ਮੋਰਾਂਵਾਲੀ ਨੂੰ ਹਰ ਪੱਖ ਤੋ ਪਹਿਲ ਦੇ ਕੇ ਹਰ ਕੰਮ ਵਿੱਚ ਚੜ੍ਹਦੀ ਕਲਾ ਵਾਲਾ ਯੋਗਦਾਨ ਦਿੱਤਾ ਜਿਸ ਦੇਣ ਦਾ ਪਿੰਡ ਮੋਰਾਂਵਾਲੀ ਦੇ ਵਸਨੀਕਾਂ ਨੂੰ ਬਹੁਤ ਮਾਣ ਹੈ।

ਫਗਵਾੜਾ ਵਿਖੇ ਉਹਨਾਂ ਵਲੋ ਸਥਾਪਿਤ ਬੌਕਸਿੰਗ ਅਕੈਡਮੀ ਤੋਂ ਸਿਖਿਅਤ ਅਨੇਕਾਂ ਕੁੜੀਆਂ ਨੇ ਸਟੇਟ ਅਤੇ ਰਾਸ਼ਟਰੀ ਪੱਧਰ ਤੇ ਸੋਨੇ ਅਤੇ ਚਾਂਦੀ ਦੇ ਤਗਮੇ ਜਿੱਤੇ। ਆਪ ਕਬੱਡੀ ਦੇ ਵਧੀਆ ਖਿਡਾਰੀ ਹੋਣ ਕਰਕੇ ਜਿਥੇ ਕਬੱਡੀ ਖੇਡ ਕੇ ਨਾਮ ਬਣਾਇਆ,ਉਥੇ ਕਬੱਡੀ ਨੂੰ ਬਰਤਾਨੀਆ ਵਿੱਚ ਵੀ ਪ੍ਰਮੋਟ ਕੀਤਾ।

ਅਨੇਕਾਂ ਗਰੀਬ ਬੱਚਿਆਂ ਨੂੰ ਪੜਾਇਆ, ਬਿਮਾਰਾਂ ਦਾ ਇਲਾਜ ਕਰਵਾਇਆ, ਹਰ ਲੋੜਵੰਦ ਦੀ ਮਦਦ ਕੀਤੀ।ਆਪਣੇ ਪਰਿਵਾਰ ਨੂੰ ਵੀ ਆਪਣੀ ਚੰਗੀ ਸੋਚ ਅਤੇ ਮਿਹਨਤ ਸਦਕਾ ਬਹੁਤ ਅੱਗੇ ਲੈ ਕੇ ਗਏ। ਕੈਂਸਰ ਨੂੰ ਮੁਢਲੀ ਸਟੇਜ ਤੇ ਫੜਣ ਲਈ ਬਹੁਤ ਸਾਰੇ ਮੈਡੀਕਲ ਕੈਂਪ ਲਗਵਾਏ।ਇੱਕ ਦਿਨ ਆਪ ਵੀ ਇਸ ਕੈਂਸਰ ਵਰਗੀ ਨਾ-ਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਗਏ ਅਤੇ ਇਸ ਤਰ੍ਹਾਂ ਆਤਮਾ 'ਚ ਗੁਜਰ ਗਏ ਜਿਵੇ ਦਰਜੀ ਦੀ ਐਨਕ ਚੋਂ ਸੂਈ ਦਾ ਤੋਪਾ-ਤੋਪਾ ਗੁਜਰ ਜਾਦਾ ਹੈ।


ਸ. ਮੱਖਣ ਸਿੰਘ ਜੌਹਲ ਆਪਣੇ ਕੀਤੇ ਸਮਾਜਿਕ ਭਲਾਈ ਦੇ ਕੰਮਾਂ ਕਰਕੇ, ਆਪਣੇ ਪਿਆਰ ਕਰਕੇ ,ਉੱਚੀ ਸੋਚ ਤੇ ਪਹਿਰੇ ਦਿੰਦਿਆ ਜੋ ਰੋਸ਼ਨੀ ਦੇ ਦੀਪ ਜਗਾਕੇ, ਹੌਸਲੇ ਬੁਲੰਦ, ਮਨ ਨੀਵਾਂ ਤੇ ਸਿਰ ਉੱਚਾ ਤੇ ਦੂਜਿਆਂ ਲਈ ਸਤਿਕਾਰ ਬਣਾਈ ਰੱਖਣ ਦੇ ਚਾਨਣ ਦਾ ਅਨੰਦ ਦਾ ਨਿੱਘ, ਹਮੇਸਾਂ ਉਹਨਾਂ ਨੂੰ ਪਿਆਰ ਕਰਨ ਵਾਲੇ ਮਾਣਦੇ ਰਹਿਣਗੇ।





# Harsewa Medical Trust Update

## ਹਰਸੇਵਾ ਮੈਡੀਕਲ ਟਰੱਸਟ ਦੀ ਭੂਮਿਕਾ ਅਤੇ ਜਾਣਕਾਰੀ



**Harsewa Medical Trust was founded to assist all people suffering from sickness and poor health, particularly elderly people and those in society facing financial hardship.**



To help unprivileged individuals and families in Moranwali, Punjab (and Countless vulnerable people are without monetary means to pay for healthcare. For some who do have the limited means, they are without the relevant and appropriate medical guidance and support and therefore, are often misguided when it comes to medical treatments and solutions and are thus taken advantage of financially. Harsewa Medical Trust provides monetary and other means of medical assistance and guidance to these vulnerable individuals.



ਹੈ ਕਿ ਜਿਵੇ ਕਾਇਆ ਦਾ ਕਾਸਾ ਭਰ ਗਿਆ ਹੋਵੇ ਅਤੇ ਰੂਹ ਤ੍ਰਿਪਤ ਹੋ ਕੇ, ਖੁਦਾ ਦੀ ਖਿਦਮਤ ਵਿੱਚ, ਖੁਦ ਨੂੰ ਸਮੇਟ ਲਿਆ ਹੋਵੇ।

ਬੇਸ਼ਕ ਉਹ ਬਹੁਤ ਛੋਟੀ ਉਮਰ ਵਿੱਚ ਬਰਤਾਨੀਆ ਦੀ ਧਰਤੀ ਵਿੱਚ ਪਹੁੰਚੇ , ਪਰ ਉਹਨਾਂ ਨੇ ਪਿੰਡ ਅਤੇ ਇਲਾਕੇ ਪ੍ਰਤੀ ਪਿਆਰ ਦੀ ਮਿਸ਼ਾਲ ਆਪਣੇ ਦਿਲ ਵਿੱਚ ਲਗਾਤਾਰ ਬਲਦੀ ਰੱਖੀ। ਪਿੰਡ ਜਗਤਪੁਰ ਜੱਟਾਂ ਦਾ ਬਹੁ-ਪੱਖੀ ਵਿਕਾਸ ਕੀਤਾ। ਆਪਣੇ ਪਿਤਾ ਸ. ਬਾਵਾ ਸਿੰਘ ਜੌਹਲ ਦੇ ਨਾਮ ‘ਤੇ ਟਰੱਸਟ ਬਣਾਕੇ ਪਿੰਡ ਵਿੱਚ ਜਿੱਮ, ਸੁੰਦਰ ਪਾਰਕ, ਸਟਰੀਟ ਲਾਇਟਾਂ, ਫ੍ਰੀ ਐਬੂਲੈਂਸ ਅਤੇ ਮੈਡੀਕਲ ਕੈਪਾਂ ਆਦਿ ਦਾ ਪ੍ਰਬੰਧ ਕੀਤਾ। ਇਸ ਦੇ ਨਾਲ ਹੀ ਸ. ਮੱਖਣ ਸਿੰਘ ਜੀ ਭਾਵੇ ਪਿੰਡ ਮੋਰਾਂਵਾਲੀ ਦੇ ਵਸਨੀਕ ਨਹੀ ਸੀ ਪਰ ਉਨਾਂ ਨੇ ਹਰਸੇਵਾ ਟਰੱਸਟ ਮੋਰਾਂਵਾਲੀ ਨੂੰ ਹਰ ਪੱਖ ਤੋ ਪਹਿਲ ਦੇ ਕੇ ਹਰ ਕੰਮ ਵਿੱਚ ਚੜ੍ਹਦੀ ਕਲਾ ਵਾਲਾ ਯੋਗਦਾਨ ਦਿੱਤਾ ਜਿਸ ਦੇਣ ਦਾ ਪਿੰਡ ਮੋਰਾਂਵਾਲੀ ਦੇ ਵਸਨੀਕਾਂ ਨੂੰ ਬਹੁਤ ਮਾਣ ਹੈ।

ਫਗਵਾੜਾ ਵਿਖੇ ਉਹਨਾਂ ਵਲੋ ਸਥਾਪਿਤ ਬੌਕਸਿੰਗ ਅਕੈਡਮੀ ਤੋਂ ਸਿਖਿਅਤ ਅਨੇਕਾਂ ਕੁੜੀਆਂ ਨੇ ਸਟੇਟ ਅਤੇ ਰਾਸ਼ਟਰੀ ਪੱਧਰ ਤੇ ਸੋਨੇ ਅਤੇ ਚਾਂਦੀ ਦੇ ਤਗਮੇ ਜਿੱਤੇ। ਆਪ ਕਬੱਡੀ ਦੇ ਵਧੀਆ ਖਿਡਾਰੀ ਹੋਣ ਕਰਕੇ ਜਿਥੇ ਕਬੱਡੀ ਖੇਡ ਕੇ ਨਾਮ ਬਣਾਇਆ,ਉਥੇ ਕਬੱਡੀ ਨੂੰ ਬਰਤਾਨੀਆ ਵਿੱਚ ਵੀ ਪ੍ਰਮੋਟ ਕੀਤਾ।

ਅਨੇਕਾਂ ਗਰੀਬ ਬੱਚਿਆਂ ਨੂੰ ਪੜਾਇਆ, ਬਿਮਾਰਾਂ ਦਾ ਇਲਾਜ ਕਰਵਾਇਆ, ਹਰ ਲੋੜਵੰਦ ਦੀ ਮਦਦ ਕੀਤੀ। ਆਪਣੇ ਪਰਿਵਾਰ ਨੂੰ ਵੀ ਆਪਣੀ ਚੰਗੀ ਸੋਚ ਅਤੇ ਮਿਹਨਤ ਸਦਕਾ ਬਹੁਤ ਅੱਗੇ ਲੈ ਕੇ ਗਏ। ਕੈਂਸਰ ਨੂੰ ਮੁਢਲੀ ਸਟੇਜ ਤੇ ਫੜਣ ਲਈ ਬਹੁਤ ਸਾਰੇ ਮੈਡੀਕਲ ਕੈਂਪ ਲਗਵਾਏ। ਇੱਕ ਦਿਨ ਆਪ ਵੀ ਇਸ ਕੈਂਸਰ ਵਰਗੀ ਨਾ-ਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਗਏ ਅਤੇ ਇਸ ਤਰ੍ਹਾਂ ਆਤਮਾ ‘ਚ ਗੁਜਰ ਗਏ ਜਿਵੇ ਦਰਜੀ ਦੀ ਐਨਕ ਚੋਂ ਸੂਈ ਦਾ ਤੋਪਾ-ਤੋਪਾ ਗੁਜਰ ਜਾਦਾ ਹੈ।

ਸ. ਮੱਖਣ ਸਿੰਘ ਜੌਹਲ ਆਪਣੇ ਕੀਤੇ ਸਮਾਜਿਕ ਭਲਾਈ ਦੇ ਕੰਮਾਂ ਕਰਕੇ, ਆਪਣੇ ਪਿਆਰ ਕਰਕੇ ,ਉੱਚੀ ਸੋਚ ਤੇ ਪਹਿਰੇ ਦਿੰਦਿਆ ਜੋ ਰੋਸ਼ਨੀ ਦੇ ਦੀਪ ਜਗਾਕੇ, ਹੌਸਲੇ ਬੁਲੰਦ, ਮਨ ਨੀਵਾਂ ਤੇ ਸਿਰ ਉੱਚਾ ਤੇ ਦੂਜਿਆਂ ਲਈ ਸਤਿਕਾਰ ਬਣਾਈ ਰੱਖਣ ਦੇ ਚਾਨਣ ਦਾ ਅਨੰਦ ਦਾ ਨਿੱਘ, ਹਮੇਸਾਂ ਉਹਨਾਂ ਨੂੰ ਪਿਆਰ ਕਰਨ ਵਾਲੇ ਮਾਣਦੇ ਰਹਿਣਗੇ।





# Civil Dispensary (Moranwali)

## ਸਿਵਲ ਡਿਸਪੈਂਸਰੀ ਮੋਰਾਂਵਾਲੀ

Harsewa Medical Trust reopened the Government's civil dispensary in Moranwali which was closed for several years. In 2020, due to Covid-19, Harsewa Pharmacy was closed due to Gov-ernment Covid-19 regulations. Harsewa Medical Trust provided assistance to NRIs who were stuck in India during the covid-19 lockdown. A home delivery service was provided to NRIs in ensuring they receive their diabetes, cholesterol, blood pressure, thyroid and more medi-cines. The civil dispensary in Moranwali was also provided with several medicines to ensure its operational delivery and provision to patients. Last year, 7,700 new and 3,000 existing pa-tients received medicine from the civil dispensary. Harsewa Medical Trust is providing the civil dispensary all types of medicine and financial support to pay for electricity bills. The trust is conversing regularly with senior medical authorities in ascertaining requirements for the civil dispensary in Moranwali.

During the 2020 camp, with the help of the village Panchayat, senior medical authorities, local MPs and MLAs were lobbied to in requesting staff for the civil dispensary in Moranwali. Covid-19 has delayed the actioning of this request by these senior individuals and authorities. We hope this request will be actioned upon very soon.







ਸਰਕਾਰੀ ਸਿਵਲ ਡਿਸਪੈਂਸਰੀ , ਮੋਰਾਂਵਾਲੀ ਜੋ ਪਿਛਲੇ ਬਹੁਤ ਸਮੇਂ ਤੋਂ ਟਰੱਸਟ ਦੇ ਉਪਰਾਲਿਆਂ ਨਾਲ ਸਿਵਲ ਡਿਸਪੈਂਸਰੀ ਨੂੰ ਚਾਲੂ ਕੀਤਾ ਗਿਆ, ਡਿਸਪੈਂਸਰੀ ਹਫਤੇ ਵਿੱਚ 6 ਦਿਨ ਖੁੱਲਦੀ ਹੈ ਅਤੇ ਦੁਆਈਆਂ ਦੀ ਸੇਵਾ ਟਰੱਸਟ ਵਲੋਂ ਕੀਤੀ ਜਾਂਦੀ ਹੈ। ਪਿਛਲੇ ਸਾਲ ਜੋ ਕਿ ਕਰੋਨਾ ਕਾਲ ਸੀ, ਦੌਰਾਨ ਜਦੋਂ ਕੁਝ ਮਹੀਨੇ ਹਰਸੇਵਾ ਡਿਸਪੈਂਸਰੀ ਨੂੰ ਹਦਾਇਤਾ ਮੁਤਾਬਿਕ ਬੰਦ ਕਰਨਾ ਪਿਆ ਪਰ ਟਰੱਸਟ ਵਲੋਂ ਲਾੱਕਡਾਊਨ ਵਿੱਚ ਫਸੇ ਸਾਡੇ NRI ਵੀਰਾਂ ਦੀ ਹਰ ਸੰਭਵ ਮਦਦ ਕੀਤੀ। ਜਿੰਨਾਂ ਮਰੀਜ਼ਾਂ ਦੀ ਪੱਕੀ ਦਵਾਈ ਜਿਵੇਂ ਕਿ ਸ਼ੂਗਰ, ਕਲੈਸਟਰੋਲ, ਬਲੱਡਪ੍ਰੈਸ਼ਰ, ਥਾਈਰਾਇਡ ਆਦਿ ਬਿਮਾਰੀਆਂ ਦੀ ਦਵਾਈ ਉਹਨਾਂ ਦੇ ਘਰ-ਘਰ ਜਾ ਕੇ ਪਹੁੰਚਾਉਂਦੇ ਰਹੇ। ਸਰਕਾਰੀ ਸਿਵਲ ਡਿਸਪੈਂਸਰੀ ਨੂੰ ਵੀ ਹਰ ਤਰ੍ਹਾਂ ਦੀ ਦਵਾਈ ਟਰੱਸਟ ਵਲੋਂ ਮਹੱਈਆ ਕਰਵਾਈ ਗਈ। ਪਿਛਲੇ ਸਾਲ ਕੋਈ 1700 ਨਵੇਂ ਮਰੀਜ਼ ਅਤੇ 3000 ਪੁਰਾਣੇ ਮਰੀਜ਼ਾਂ ਨੂੰ ਸਿਵਲ ਡਿਸਪੈਂਸਰੀ ਵਿੱਚ ਦਵਾਈਆਂ ਦਿੱਤੀਆਂ। ਸਿਵਲ ਡਿਸਪੈਂਸਰੀ ਨੂੰ ਹਰ ਲੋੜੀਂਦੀ ਦਵਾਈ ਅਤੇ ਬਿਜਲੀ ਦੇ ਬਿੱਲ ਟਰੱਸਟ ਹੀ ਦੇ ਰਿਹਾ ਹੈ। ਸਮੇਂ-ਸਮੇਂ ਤੇ ਹਸਪਤਾਲ ਵਿੱਚ ਡਾਕਟਰੀ ਅਮਲੇ ਦੀ ਤਾਇਨਾਤੀ ਲਈ ਟਰੱਸਟ ਉੱਚ ਅਧਿਕਾਰੀਆਂ ਨਾਲ ਰਾਬਤਾ ਕਰਦਾ ਰਹਿੰਦਾ ਹੈ

ਪਿਛਲੇ ਸਾਲ ਕੈਂਪ ਵਿੱਚ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਸਰਕਾਰ ਦੇ ਉੱਚ ਅਧਿਕਾਰੀਆਂ ਅਤੇ MLA ਅਤੇ MP ਸਹਿਬਾਨ ਤੋਂ ਵੀ ਮੋਰਾਂਵਾਲੀ ਡਿਸਪੈਂਸਰੀ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਸਟਾਫ ਦੀ ਮੰਗ ਕੀਤੀ ਗਈ ਹੈ ਜੋ ਕਿ ਕਰੋਨਾ ਕਾਲ ਕਰਕੇ ਹਾਲੇ ਪੂਰੀ ਨਹੀਂ ਹੋਈ ਪਰ ਸਾਨੂੰ ਆਸ ਹੈ ਕਿ ਜਲਦੀ ਮੰਗ ਪੂਰੀ ਹੋਵੇਗੀ।

HAR SEWA MEDICAL TRUST LIMITED

# Harsewa Clinic Moranwali

## ਹਰਸੇਵਾ ਕਲੀਨਿਕ ਮੋਰਾਂਵਾਲੀ



Harsewa Medical Trust has its own Pharmacy which is open three days a week and provides free medicine. The Pharmacy is managed directly by a senior doctor who is attentive to the health and medical needs of all his patients. The Pharmacy collaborates with recognised and respected top hospitals and is able to send patients to the appropriate hospitals for specialist check-ups and tests. Any patient referred by the Pharmacy is provided blood tests and scans at a 50% discount. For those patients who are unable or without means, Harsewa Medical Trust steps in and funds completely these tests and scans.

"ਥੱਕ ਜਰੂਰ ਸਕਦਾ ਹਾਂ, ਪਰ ਰੁਕ ਨਹੀਂ ! ਕਿਉਕਿ ਰੁਕਣਾ......ਜਿੰਦਗੀ ਨਹੀਂ।" ਅਸੀਂ ਸਿਹਤ ਸੇਵਾਵਾਂ, ਲੋਕਾਂ ਦੀ ਮਦਦ ਲਈ ਉਹਨਾਂ ਦੀਆਂ ਬਿਮਾਰੀਆਂ ਦਾ ਇਲਾਜ ਕਰਨ ਵਿੱਚ ਕਰਦੇ ਹਾਂ । ਜਿਸ ਵਿੱਚ ਹਰਸੇਵਾ ਟਰੱਸਟ ਵਲੋਂ ਚੱਲ ਰਹੀ ਹਰਸੇਵਾ ਕਲੀਨਿਕ ਹਫ਼ਤੇ ਵਿੱਚ ਤਿੰਨ ਦਿਨ ਸੋਮਵਾਰ, ਬੁੱਧਵਾਰ ਅਤੇ ਸ਼ੁੱਕਰਵਾਰ ਲੋਕਾਂ ਨੂੰ ਆਪਣੀ ਸੇਵਾਵਾਂ ਦੇ ਰਹੀ ਹੈਂ । ਸੀਨੀਅਰ ਡਾਕਟਰ ਆਪ ਆਪਣੀ ਦੇਖ-ਰੇਖ ਥੱਲੇ ਇਹ ਕਲੀਨਿਕ ਚਲਾ ਰਹੇ ਹਨ। ਇਥੋਂ ਮਰੀਜ਼ ਬਿਲਕੁੱਲ ਮੁਫ਼ਤ ਦਵਾਈਆਂ ਲੈ ਰਹੇ ਹਨ । ਹਰਸੇਵਾ ਕਲੀਨਿਕ ਨੂੰ ਕੁਝ ਨਾਮੀ ਅਤੇ ਵਧੀਆ ਹਸਪਤਾਲਾਂ ਨਾਲ ਜੁੜੀ ਹੋਈ ਹੈ, ਲੋੜ ਪੈਣ ਤੇ ਮਰੀਜ਼ ਨੂੰ ਉਹਨਾਂ ਹਸਪਤਾਲਾਂ ਵਿੱਚ ਟੈਸਟ ਕਰਾਉਣ ਲਈ ਭੇਜਿਆ

ਜਾਂਦਾ ਹੈ ਜਿਥੇ ਮਰੀਜ਼ਾਂ ਦੇ ਸਕੈਨ ਅਤੇ ਬਲੱਡ ਟੈਸਟ ਅੱਧੇ ਰੇਟ 'ਤੇ ਹੁੰਦੇ ਹਨ ਅਤੇ ਜੋ ਮਰੀਜ਼ ਅੱਧੇ ਪੈਸੇ ਦੇਣ ਤੋਂ ਵੀ ਅਸਮਰੱਥ ਹਨ ਉਹਨਾਂ ਦਾ ਸਾਰਾ ਖਰਚਾ ਹਰਸੇਵਾ ਟਰੱਸਟ ਚੁੱਕਦਾ ਹੈ । ਗੰਭੀਰ ਮਰੀਜ਼ਾਂ ਨੂੰ ਹਸਪਤਾਲ ਲੈ ਕੇ ਜਾਣਾ ਜਾਂ ਹਸਪਤਾਲ ਤੋਂ ਲੈ ਕੇ ਆਉਣ ਲਈ ਟਰੱਸਟ ਵਲੋਂ ਬਿਲਕੁੱਲ ਮੁਫ਼ਤ ਐਂਬੂਲੈਂਸ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਹ ਐਂਬੂਲੈਂਸ ਕੋਈ 10-12 ਪਿੰਡਾਂ ਵਿੱਚ ਆਪਣੀਆਂ ਸੇਵਾਵਾਂ ਦੇ ਰਹੀ ਹੈ।ਸਿਹਤ ਮਹਿਕਮਾ ਵੀ ਜਰੂਰਤ ਪੈਣ ਤੇ ਐਂਬੂਲੈਂਸ ਵਰਤ ਰਿਹਾ ਹੈ।ਸਾਡੇ ਕੋਲ ਬਹੁਤ ਸਾਰੇ ਅਜਿਹੇ ਮਰੀਜ਼ ਵੀ ਹਨ ਜੋ ਬਿਲਕੁੱਲ ਬੈੱਡ ਤੇ ਹਨ ਅਤੇ ਚੱਲ-ਫਿਰ ਨਹੀ ਸਕਦੇ।ਉਹਨਾਂ ਦੀ ਕਮਾਈ ਦਾ ਵੀ ਕੋਈ ਸਾਧਨ ਨਹੀ ਹੈ।ਉਹਨਾਂ ਦੀ ਸਾਰੀ ਦਵਾਈ ਹਰ ਮਹੀਨੇ ਪੈਕ ਕਰਕੇ ਉਹਨਾਂ ਦੇ ਘਰ ਪਹੁੰਚਾ ਦਿੱਤੀ ਜਾਦੀ ਹੈ।

ਵੱਡੇ ਹਸਪਤਾਲਾਂ ਵਿੱਚ ਦਾਖਲ ਮਰੀਜ਼ ਜੋ ਕਿ ਹਰਸੇਵਾ ਟਰੱਸਟ ਦੇ ਡਾਕਟਰਾਂ ਵੱਲੋਂ ਰੈਫ਼ਰ ਕੀਤੇ ਗਏ ਹੁੰਦੇ ਹਨ, ਦਾ ਸਮੇਂ-ਸਮੇਂ ਤੇ ਹਾਲ-ਚਾਲ ਪੁੱਛਿਆਂ ਜਾਂਦਾ ਹੈ ਅਤੇ ਉਹਨਾਂ ਦੀਆਂ ਲੋੜਾਂ ਦਾ ਧਿਆਨ ਰੱਖਿਆ ਜਾਦਾਂ ਹੈ।

ਜਿਥੇ ਹਰਸੇਵਾ ਕਲੀਨਿਕ ਪਿਛਲੇ ਕਈ ਸਾਲਾਂ ਤੋਂ ਪਿੰਡ ਮੋਰਾਂਵਾਲੀ ਵਿਖੇ ਆਪਣੀਆ ਸੇਵਾਵਾਂ ਨਿਭਾ ਰਿਹਾ ਹੈ ਪਰ ਕਰੋਨਾ ਕਾਲ ਵਿੱਚ ਲਾੱਕਡਾਊਨ ਵਿੱਚ ਵੀ ਮਰੀਜਾਂ ਨੂੰ ਉਹਨਾਂ ਦੇ ਘਰਾਂ ਤੱਕ ਦਵਾਈ ਪਹੁੰਚਾਈ ਦੀ ਸੇਵਾ ਨਿਭਾਈ ਗਈ। ਦੋ ਦਿਨ ਹਰ ਸੋਮਵਾਰ ਅਤੇ ਸੁੱਕਰਵਾਰ ਮਾਹਿਰ ਡਾਕਟਰਾਂ ਵਲੋਂ ਆਪਣੀਆਂ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਹਰ ਮਹਿੰਗੀ ਦਵਾਈ ਵੀ ਮੁਫ਼ਤ ਦਿੱਤੀ ਜਾਦੀ ਹੈ। 100 ਤੋਂ ਵੱਧ ਮਰੀਜਾਂ ਨੂੰ ਜੋ ਚਲ ਫਿਰ ਨਹੀ ਸਕਦੇ, ਘਰ ਤੱਕ ਦਵਾਈ ਪਹੁੰਚਾਈ ਜਾਂਦੀ ਹੈ। ਕੋਵਿਡ ਦੋਰਾਨ ਜਦ ਬਾਕੀ ਮੈਡੀਕਲ ਸੇਵਾਵਾਂ ਤੱਕ ਵੀ ਬੰਦ ਸਨ, ਪਰ ਹਰਸੇਵਾ ਕਲੀਨਿਕ ਆਪਣੀਆ ਸੇਵਾਵਾਂ ਬਿਲਕੁਲ ਮੁਫ਼ਤ ਨਿਭਾ ਰਿਹਾ ਸੀ।







HAR SEWA MEDICAL TRUST LIMITED

# Ambulance Service

## ਐਂਬੂਲੈਂਸ ਸਰਵਿਸ

For those patients requiring an ambulance, a free ambulance service is provided by Harsewa Medical Trust across 10-12 villages. Upon request, the ambulance service is used by the local health department. We have several patients who are completely bed-ridden and without any income. For these patients, we provide free medicine with free delivery to their homes.

In large scale hospitals, Harsewa Medical Trust referred patients are well looked after and ac-commodated and the Harsewa Medical Trust takes great care in ensuring these patients needs and well-being are managed effectively.

ਪੀ.ਜੀ.ਆਈ ਚੰਡੀਗੜ੍ਹ ਅਤੇ ਲੁਧਿਆਣੇ ਦੇ ਵੱਡੇ ਹਸਪਤਾਲਾਂ ਵਿੱਚ ਜਾਣ ਲਈ ਮਰੀਜ਼ ਮੁਫ਼ਤ ਸੇਵਾਵਾਂ ਲੈ ਰਹੇ ਹਨ।

ਐਬੂਲੈਂਸ 24x7 ਆਪਣੀਆਂ ਸੇਵਾਵਾਂ ਦੇ ਰਹੀ ਹੈ।

ਟਰੱਸਟ ਦਾ ਐਂਬੂਲੈਂਸ ਚਲਾਉਣ ਲਈ ਪੱਕਾ ਡਰਾਇਵਰ ਨਿਯੁਕਤ ਕੀਤਾ ਹੋਇਆ ਹੈ।

ਐਂਬੂਲੈਂਸ ਦੀ ਸਮੇਂ ਸਿਰ ਸਰਵਿਸ / ਰਿਪੇਅਰ ਕਰਵਾਈ ਜਾ ਰਹੀ ਹੈ।

ਸਰਕਾਰੀ ਹਸਪਤਾਲ ਪੋਸੀ ਅਤੇ ਬਿੰਜੋਂ ਵੀ ਆਪਣੇ ਮਰੀਜਾਂ ਨੂੰ ਸ਼ਿਫਟ ਕਰਨ ਲਈ ਐਂਬੂਲੈਂਸ ਦੀ ਵਰਤੋਂ ਕਰ ਰਹੇ ਹਨ।

ਹਰਸੇਵਾ ਮੈਡੀਕਲ ਟਰੱਸਟ ਦੀ ਐਂਬੂਲੈਂਸ ਦਾ ਟੈਲੀਫੋਨ ਨੰਬਰ ਜਨਤਕ ਕੀਤਾ ਹੋਇਆ ਹੈ ਅਤੇ ਕਈ ਵਾਰ ਐਮਰਜੈਸੀ ਵਿੱਚ ਵੀ ਵੱਖ ਵੱਖ ਥਾਵਾਂ ਤੇ ਜਾ ਕੇ ਮਰੀਜਾਂ ਦੀਆਂ ਜਿੰਦਗੀਆਂ ਬਚਾਉਣ ਵਿੱਚ ਸਹਾਈ ਹੋਈ ਹੈ।







# Annual Medical Camp Update 2021

We have taken great strides in educating and providing awareness and learning of all health issues. Harsewa Medical Trust provides an annual Cancer Care and Medical Camp that takes place in Moranwali. All are welcome to attend and have their blood tests and ECG done the very same day. In addition, Specialists Doctors and Consultants are in attendance to help with the camp and provide medical assistance and guidance. For those patients requiring further help, we collaborate with Medical Banga Centre the next day. An eyecare camp is also run on the main day and provides patients with eye screening and spectacles are provided for free. Patients who require eye operations and or surgery are operated by Rai Hospital, Garhshankar at the camp. All medical staff including doctors and nurses, are specialists in their respective areas and provide full assistance with medical needs.

After the camp, if any patient requires eyecare assistance, we provide assistance with the op-erations and financing of spectacles.

- In 2020, over 7,000 patients benefitted from the camp
- More than 700 pairs of spectacles were given to patients and over 100 eye care opera-tions took place following the camp
- More than 2,500 patients received blood tests and over 200 receive ECG tests and checks during the camp
- Numerous people were for the first time in their life diagnosed with Diabetes, Blood Pressure and Cholesterol. They were previously completely unaware of this and were grateful for the diagnosis. For these patients and any other with heart related illnesses, we provided assistance with their medical care

Cancer awareness is a key part of the camp. For any patients who are showing symptoms, they are given a thorough specialist check-up for the relevant cancers. Kulwant Singh Dhaliwal manages the cancer camp and the check-ups are performed by Dr Dharmendra Singh Dhillon's medical team and Harsewa Medical Trust.





With full responsibility whilst respecting the gravity of the situation, we undertake careful di-agnostics of Cancer. Cancer Awareness society has buses which provide cancer screening and x rays. Harsewa Medical Trust is thankful and grateful to Kulwant Singh Dhaliwal who attends the camp every year and provides cancer awareness and screening to more than 30 villages. At the camp, patients are provided with pamphlets and lectures raising cancer awareness.

In attendance at the camp are NRIs who play a significant role in ensuring the camp's success and positive legacy. Furthermore, the Harsewa Medical Trust medical teams play a pivotal role in orchestrating a successful camp.

The following doctors were involved in the Camp and the Harsewa Medical Trust and its pa-tients are grateful for their assistance and guidance:

1. Dr Ragveer Singh, S.M.O PHC, Posi
2. Dr Daljit Singh Sahni, M.D, Radio Diagnosis
3. Dr Jasdeep Singh Sahni, D.M, Neurosurgeon
4. Dr Vikashdeep, M.D, Internal Medicine
5. Dr Sukhvinder Kaur Sahni, Sonologist and Gynaecologist
6. Dr Neelam Gill, ENT Specialist
7. Dr P.P Singh, M.S, Surgeon

Harsewa Medical Trust is grateful to the following organisations and individuals who have provided great assistance and care in ensuring the success of the annual camp at Moranwali:

- World care cancer charitable trust
- Medi Scan Diagnostic Centre, Banga
- Medi Scan Lab, Banga
- Gursewa Nursing College, Panam
- Rai Hospital, Garhshankar
- Guru Nanak Mission Hospital, Dhahan
- Ivy Hospital, Nawanshahr
- Modern Lab, Moranwali
- Guru Ram Das Medical Lab, Kot Fatuhi
- Primary Health Centre, Posi
  Civil Dispensary, Moranwali

HAR SEWA MEDICAL TRUST LIMITED

Any patient that is unable to attend the clinics due to mobility or accessibility is visited at their respective residence. In other words, no individual should feel deprived of the service because of circumstances or disability.




The medical team that underpins Harsewa are professionals experienced in their respective fields – and we offer our heartfelt thanks to the following for their time and effort in supporting the Trust:

- Dr Ragbir Singh - SMO, PHC, POSSI
- Dr Daljit Singh Saini, MD, Radio diagnosis
- Dr Jasdeep Singh Saini, Neurosurgeon
- Dr Vikasdeep, MD (Internal Medicine)
- Dr Sukhwinder Kaur Saini, Sonologist/Gynaecologist
- Dr Neelam Gill - ENT specialist

A special thanks and appreciation for the regional and national medical institutes who have provided very worthwhile support at the medical camp, and ensured that all patients that have been referred for treatment, received full pre and post care of the highest standard albeit at reduced price. Following are those esteemed institutes:

- World Cancer Care Charitable Trust
- Mediscan diagnosis Centre, Banga
- Mediscan Medical Lab, Banga
- Gursewa Nursing College, Panam
- Rai Hospital, Garhshankar
- Ivy Hospital, Nawanshahr
- Modern Lab, Moranwali
- Guru Ram Dass Medical Lab Kot Fatuhi



ਅਸੀ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਦੀ ਕੋਸ਼ਿਸ ਕਰਦੇ ਹਾਂ, ਹਰ ਸਾਲ ਕੈਂਸਰ ਕੇਅਰ ਅਤੇ ਮੈਡੀਕਲ ਕੈਂਪ ਲਗਾਇਆ ਜਾਂਦਾ ਹੈ।ਕੈਂਪ ਵਿੱਚ ਲੱਗਭੱਗ ਲੋੜੀਦੇ ਹਰ ਤਰ੍ਹਾਂ ਦੇ ਬਲੱਡ ਟੈਸਟ ਕੀਤੇ ਜਾਂਦੇ ਹਨ, ਈ.ਸੀ.ਜੀ ਕੀਤੀ ਜਾਂਦੀ ਹੈ। ਕੈਂਪ ਵਿੱਚ ਹਰ ਬਿਮਾਰੀ ਦੇ ਸੁਪਰ ਸਪੈਸ਼ਲਿਸਟ ਡਾਕਟਰ ਆਪਣੀਆਂ ਸੇਵਾਵਾਂ ਦਿੰਦੇ ਹਨ। ਕੈਂਪ ਵਿੱਚ ਬਲੱਡ ਟੈਸਟ ਲਈ ਸੈਂਪਲ ਉਸੇ ਦਿਨ ਲੈ ਲਏ ਜਾਂਦੇ ਹਨ। ਲੋੜਵੰਦ ਮਰੀਜਾਂ ਦੀ ਸਕੈਨ ਅਤੇ ਐਕਸ-ਰੇ ਆਦਿ ਅਗਲੇ ਦਿਨਾਂ ਵਿੱਚ ਮੈਡੀਸਕੈਨ ਬੰਗਾ ਦੀ ਮਦਦ ਨਾਲ ਕਰਵਾ ਦਿੱਤੇ ਜਾਂਦੇ ਹਨ। ਇਸੇ ਦਿਨ ਅੱਖਾਂ ਦੀਆਂ ਬਿਮਾਰੀਆਂ ਲਈ ਵੀ ਕੈਂਪ ਲਗਾਇਆ ਜਾਂਦਾ ਹੈ, ਜਿਸ ਵਿੱਚ ਐਨਕਾਂ ਮੌਕੇ 'ਤੇ ਹੀ ਮਰੀਜ਼ਾਂ ਨੂੰ ਦੇ ਦਿੱਤੀਆਂ ਜਾਂਦੀਆਂ ਹਨ। ਅੱਖਾਂ ਦੇ ਓਪਰੇਸ਼ਨ ਰਾਏ ਹਸਪਤਾਲ ਗੜ੍ਹਸ਼ੰਕਰ ਦੀ ਮਦਦ ਨਾਲ ਮਾਹਿਰ ਡਾਕਟਰਾਂ ਵਲੋਂ ਕੀਤੇ ਜਾਂਦੇ ਹਨ। ਅਸੀ ਕੈਂਪ ਵਿੱਚ ਆਏ ਮਰੀਜਾਂ ਦੀਆਂ ਅੱਖਾਂ ਦਾ ਉਪਰੇਸ਼ਨ ਤਾਂ ਕਰਵਾਉਦੇ ਹੀ ਹਾਂ ਨਾਲ-ਨਾਲ ਅਗਰ ਕੋਈ ਲੋੜਵੰਦ ਬਾਅਦ ਵਿੱਚ ਵੀ ਆਉਦਾ ਹੈ ਤਾਂ ਉਸਦਾ ਵੀ ਉਪਰੇਸ਼ਨ ਕਰਵਾ ਦਿੱਤਾ ਜਾਦਾਂ ਹੈ।ਪਿਛਲੇ

ਸਾਲ ਕੋਈ 7000(ਸੱਤ ਹਜ਼ਾਰ) ਮਰੀਜ਼ਾਂ ਨੇ ਇਸ ਕੈਂਪ ਦਾ ਫਾਇਦਾ ਲਿਆ। 700 ਤੋਂ ਵੱਧ ਐਨਕਾਂ ਵੰਡੀਆਂ ਗਈਆਂ ਅਤੇ 100 ਤੋਂ ਵੱਧ ਅੱਖਾਂ ਦੇ ਉਪਰੇਸ਼ਨ ਹੋਏ। ਕੋਈ 2500 ਮਰੀਜਾਂ ਦੇ ਬਲੱਡ ਟੈਸਟ ਅਤੇ 200 ਤੋਂ ਵੱਧ ਮਰੀਜਾਂ ਦੀ ਈ.ਸੀ.ਜੀ ਕੀਤੀ ਗਈ। ਕੈਂਪ ਵਿੱਚ ਅਨੇਕਾਂ ਅਜਿਹੇ ਮਰੀਜ਼ ਸਨ ਜਿਨਾਂ ਨੂੰ ਪਹਿਲੀ ਵਾਰ ਕੈਂਪ ਵਿੱਚ ਪਤਾ ਲੱਗਿਆ ਕਿ ਉਹ ਸ਼ੂਗਰ ਦੀ ਬਿਮਾਰੀ (Diabetes) ਅਤੇ ਬਲੱਡ ਪ੍ਰੈਸ਼ਰ ਅਤੇ ਵੱਧ ਕਲੈਸਟਰੋਲ ਆਦਿ ਤੋਂ ਪੀੜਤ ਸਨ, ਜਿੰਨਾਂ ਦਾ ਇਲਾਜ ਕਰਾਉਣ ਵਿੱਚ ਪੂਰੀ ਮਦਦ ਕੀਤੀ ਗਈ। 400 ਤੋਂ ਵੱਧ ਮਰੀਜਾਂ ਦੇ ਦੰਦਾਂ ਦਾ ਮੁਆਇਨਾ ਕੀਤਾ ਗਿਆ ਅਤੇ 25 ਤੋਂ ਵੱਧ ਨਕਲੀ ਦੰਦਾਂ ਮਰੀਜਾ ਨੂੰ ਲਗਵਾਏ ਗਏ।

ਮੈਡੀਕਲ ਕੈਂਪ ਦਾ ਸਭ ਤੋਂ ਵੱਡਾ ਪੱਖ ਹੁੰਦਾ ਹੈ, ਕੈਂਸਰ ਅਵੇਅਰਨੈਸ ਕੈਂਪ , ਇਸ ਕੈਂਪ ਵਿੱਚ ਸ਼ੱਕੀ ਮਰੀਜ਼ਾਂ ਦਾ ਪੂਰਾ ਚੈੱਕ ਅੱਪ ਕੀਤਾ ਜਾਂਦਾ ਹੈ। ਇਹ ਕੈਂਪ ਸ. ਕੁਲਵੰਤ ਸਿੰਘ ਧਾਲੀਵਾਲ ਦੀ ਰਹਿਨਮਈ ਹੇਠ ਅਤੇ ਡਾ. ਧਰਮਿੰਦਰ ਸਿੰਘ ਢਿੱਲੋ ਦੇ ਦੇਖ-ਰੇਖ ਥੱਲੇ ਹੁੰਦੇ ਹਨ।ਹਰਸੇਵਾ ਮੈਡੀਕਲ ਟਰੱਸਟ ਦੀ ਟੀਮ ਨਾਲ ਮਿਲ ਕੇ ਬਹੁਤ ਹੀ ਵਿਸ਼ਾਲ ਕੈਂਪ ਲਗਾਇਆ ਜਾਂਦਾ ਹੈ। ਟੀਮ ਵਲੋਂ ਪੂਰੀ ਤਨਦੇਹੀ ਨਾਲ ਕੰਮ ਕੀਤਾ ਜਾਂਦਾ ਹੈ ਤਾਂ ਜੋ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਦਾ ਸ਼ੁਰੂ ਵਿੱਚ ਹੀ ਖਾਤਮਾ ਕੀਤਾ ਜਾ ਸਕੇ। ਕੈਂਸਰ ਅਵੇਅਰਨੈਂਸ ਸੋਸਾਇਟੀ ਵਲੋਂ ਬੱਸਾਂ ਦਾ ਪ੍ਰਬੰਧ ਕੀਤਾ ਹੋਇਆ ਜਿਸ ਵਿੱਚ ਸਕੈਨ, ਐਕਸ-ਰੇ ਆਦਿ ਦਾ ਪ੍ਰਬੰਧ ਹੁੰਦਾ ਹੈ। ਅਸੀ ਤਹਿ ਦਿਲੋਂ ਧੰਨਵਾਦੀ ਹਾਂ, ਸ. ਕੁਲਵੰਤ ਸਿੰਘ ਧਾਲੀਵਾਲ ਜੀ ਹੋਰਾਂ ਦੇ ਜੋ ਹਰ ਸਾਲ ਆਪਣਾ ਕੀਮਤੀ ਸਮਾਂ ਕੱਢ ਕੇ ਪਿੰਡ ਮੋਰਾਂਵਾਲੀ ਵਿਖੇ ਕੈਂਪ ਤੇ ਪਹੁੰਚਦੇ ਹਨ ਅਤੇ ਆਪਣੇ ਵਡਮੁੱਲੇ ਵਿਚਾਰਾਂ ਪਿੰਡ ਮੋਰਾਂਵਾਲੀ ਅਤੇ ਆਸੇ ਪਾਸੇ ਦੇ ਕੋਈ 30 ਤੋਂ ਵੱਧ ਪਿੰਡਾਂ ਦੀ ਸੰਗਤ ਨਾਲ ਸਾਂਝੇ ਕਰਦੇ ਹਨ।ਹਰਸੇਵਾ ਟਰੱਸਟ ਇਹਨਾਂ ਦੀ ਬਦੌਲਤ ਹਜਾਰਾਂ ਮਰੀਜਾਂ ਦਾ ਕੈਂਸਰ ਪ੍ਰਤੀ ਚੈੱਕ-ਅੱਪ ਹਰ ਸਾਲ ਕਰਵਾ ਕੇ ਲੋਕਾਂ ਨੂੰ ਜਾਗਰੂਕ ਕਰ ਰਿਹਾ। ਇਸ ਦਿਨ ਸਿਹਤ ਪ੍ਰਤੀ ਜਾਗਰੂਕਤਾ ਲਿਆਉਣ ਲਈ ਲੈਕਚਰ ਵੀ ਦਿੱਤੇ ਜਾਂਦੇ ਹਨ ਅਤੇ ਲਿਟਰੇਚਰ ਵੀ ਵੰਡਿਆ ਜਾਂਦਾ ਹੈ।

ਇਹਨਾਂ ਭਲਾਈ ਕਾਰਜਾਂ ਦੀ ਅਗਵਾਈ ਜਿਥੇ NRI ਵੀਰ ਆਪ ਕੈਂਪਾਂ ਵਿੱਚ ਹਾਜ਼ਰ ਹੋ ਕੇ ਕਰਦੇ ਹਨ, ਉੱਥੇ ਹੀ ਹਰਸੇਵਾ ਮੈਡੀਕਲ ਟਰੱਸਟ ਦੀ ਮਾਹਿਰ ਟੀਮ ਜਿਸ ਵਿੱਚ :-

ਆਈ ਵੀ ਵਾਈ ਹਸਪਤਾਲ ਨਵਾਂਸਹਿਰ ਤੋਂ ਡਾ. ਜਿਵੀਭੇਸ਼ ਪਾਹਵਾ-ਕਾਰਡੀਆਲੋਜਿਸਟ

ਡਾ. ਅਭੀਸ਼ੇਕ ਗਰਗ ਮੈਡੀਕਲ

ਡਾ. ਰਘਵੀਰ ਸਿੰਘ- ਐੱਸ. ਐੱਮ. ਓ, ਪੀ. ਐੱਚ. ਸੀ ਪੋਸੀ

ਡਾ. ਦਲਜੀਤ ਸਿੰਘ ਸੈਣੀ- MD(Radio diagnosis)

ਡਾ. ਜਸਦੀਪ ਸਿੰਘ ਸੈਣੀ -(DM Neurosurgeon)

ਡਾ. ਵਿਕਾਸਦੀਪ (M.D Internal Medicine)

ਡਾ. ਸੁਖਵਿੰਦਰ ਕੌਰ ਸੈਣੀ (Sonologist/Gynaecologist)

ਡਾ. ਨੀਲਮ ਗਿੱਲ (ENT Specialist)

ਡਾ. ਪੀ. ਪੀ ਸਿੰਘ (MS Surgeon)

ਆਪਣੇ ਸੁਝਾਓ ਅਤੇ ਸੇਵਾਵਾਂ ਨਾਲ ਹਰਸੇਵਾ ਟਰੱਸਟ ਦੇ ਕਾਰਜਾਂ ਨੂੰ ਸਚਾਰੂ ਢੰਗ ਨਾਲ ਨੇਪਰੇ ਚਾੜ੍ਹਣ ਲਈ ਅਹਿਮ ਯੋਗਦਾਨ ਪਾਉਂਦੇ ਹਨ।

ਅਸੀ ਰਿਣੀ ਹਾਂ ਉਹਨਾਂ ਸਾਰੇ ਅਦਾਰਿਆਂ ਦਾ ਜਿੰਨਾਂ ਦੀ ਸਪੋਰਟ ਸਦਕਾ ਅਸੀਂ ਮਰੀਜਾਂ ਨੂੰ ਬਿਹਤਰ ਸੇਵਾਵਾਂ ਦੇਣ ਦੇ ਯੋਗ ਬਣਦੇ ਹਾਂ:-

- ਵਰਲਡ ਕੈਂਸਰ ਕੇਅਰ ਚੈਰਟੀਬਲ ਟਰੱਸਟ
- ਮੈਡੀਸਕੈਨ ਡਾਇਗਨੋਸਿਸ ਸੈਂਟਰ ਬੰਗਾ





HAR SEWA MEDICAL TRUST LIMITED

- ਮੈਡੀਸਕੈਨ ਲੈਬ ਬੰਗਾ
- ਗੁਰਸੇਵਾ ਨਰਸਿੰਗ ਕਾਲਜ ਪਨਾਮ
- ਰਾਏ ਹਸਪਤਾਲ, ਗੜ੍ਹਸ਼ੰਕਰ
- ਗੁਰੂ ਨਾਨਕ ਮਿਸ਼ਨ ਹਸਪਤਾਲ ,ਢਾਹਾਂ
- ਆਈ ਵੀ ਵਾਈ (IVY) ਹਸਪਤਾਲ, ਨਵਾਂਸ਼ਹਿਰ
- ਮਾਡਰਨ ਲੈਬ, ਮੋਰਾਂਵਾਲੀ
- ਗੁਰੂ ਰਾਮਦਾਸ ਮੈਡੀਕਲ ਲੈਬ, ਕੋਟ ਫਤੂਹੀ
- ਪ੍ਰਾਇਮਰੀ ਹੈਲਥ ਸੈਂਟਰ, ਪੋਸੀ
- ਸਿਵਲ ਡਿਸਪੈਂਸਰੀ ਮੋਰਾਂਵਾਲੀ



ਸ੍ਰੀ ਲਵ ਕੁਮਾਰ ਗੋਲਡੀ ਸਾਬਕਾ MLA , ਸ੍ਰੀ ਮੁਨੀਸ਼ ਤਿਵਾਰੀ ਐਮ. ਪੀ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਹਸਪਤਾਲ ਵ੍ਚਿ ਹੋਰ ਸਟਾਫ਼ ਦੇਣ ਦਾ ਐਲਾਨ ਕੀਤਾ।

ਪਿੰਗਲਵਾੜ੍ਹਾ ਸੰਸਥਾ ਵਲੋਂ ਪੁਸਤਕ ਪ੍ਰਦਰਸਨੀ ਲਗਵਾਈ ਗਈ।

ਬੀਬੀ ਇੰਦਰਜੀਤ ਕੌਰ, ਮੁੱਖ ਸੇਵਾਦਾਰ , ਪਿੰਗਲਵਾੜ੍ਹਾ ਅਤੇ ਡਾ.ਰਾਜਵੀਰ ਸਿੰਘ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਪਿੰਗਲਵਾੜ੍ਹਾ ਨੂੰ ਹਰ ਸਾਲ ਦੀ ਤਰ੍ਹਾ ਚੈੱਕ ਭੇਟ ਕੀਤਾ ਗਿਆ।

ਟਰੱਸਟ ਵਲੋਂ ਡਾਕਟਰ ਸਹਿਬਾਨਾ ਦੀਆਂ ਟੀਮਾਂ, ਪੈਰਾਮੈਡੀਕਲ ਸਟਾਫ, ਕੈਂਸਰ ਕੇਅਰ ਟੀਮਾਂ ਦਾ ਮਾਨ ਸਨਮਾਨ ਕੀਤਾ ਗਿਆ।ਮਨਜੀਤ ਰਾਮ ਸਰਪੰਚ, ਪੰਚਾਇਤ ਦਾ ਵੀ ਸਨਮਾਨ ਕੀਤਾ ਗਿਆ।


























HAR SEWA MEDICAL TRUST LIMITED































HAR SEWA MEDICAL TRUST LIMITED































HAR SEWA MEDICAL TRUST LIMITED













# Educational Progress 2020

Alongside medical assistance, Harsewa Medical Trust is supporting the raising of education standards. Harsewa Medical Trust is assisting in the maintenance of the Primary School, Mo-ranwali. In addition, the trust is paying for two teachers at the Primary school. Harsewa Medical Trust is providing free school transportation for all the children in the primary school and di-rectly paying for the driver salaries and running costs of the school bus. There has now been an increase in attendance of school children who have also seen great growth in their education standards.

We take great consideration and pride in ensuring the successful education, health and future prosperity of the children and seek assistance from education authorities in achieving this vision. There are currently 105 children students at the primary school, to whom uniform is provided to. Every year, there is an increase in the number of students enrolled. In 2021, this primary school qualified and met the criteria to qualify to become a ‘Smart school’. During the lockdown, children were given the opportunity for online learning by Mrs Satveer Kaur and Mrs Parveen Kumari; whom were given a letter of appreciation for their hard work and dedication.

| Student Count | |
|---|---|
| 2020-2021 Current Year | 2019-2020 Last Year |
| Pre 1- 13 | Pre- 7 |
| Pre 2- 14 | Pre- 7 |
| $1^{st}$ - 10 | 1st -20 |
| $2^{nd}$- 20 | $2^{nd}$-15 |
| $3^{rd}$- 15 | 3dr- 17 |
| $4^{th}$- 17 | $4^{Th}$- 16 |
| $5^{th}$- 16 | $5^{th}$- 8 |
| Total= 105 | Total= 90 |












HAR SEWA MEDICAL TRUST LIMITED

“ਕੱਚੀਆਂ ਰਹੱਸਮਈ ਪਗਡੰਡੀਆਂ, ਧਰਤੀ-ਕੱਖਾਂ ਦਾ ਮੋਹ ਤੇ, ਸ਼ਾਹ-ਸਬਜ਼ ਵੇਲਾਂ ਬਿਨ-ਵਰਕਿਆਂ ਦੀਆਂ ਆਜ਼ਾਦ ਕਿਤਾਬਾਂ ਤਾਂ ਹੀ ਹਨ।” ਬਹੁਤ ਸਾਰੇ ਉੱਚ ਅਹੁੱਦਿਆਂ ਤੇ ਬਿਰਾਜਮਾਨ ਜਾਂ ਰਿਟਾਇਰਡ ਅਤੇ ਪ੍ਰਦੇਸਾਂ ਵਿੱਚ ਪਿੰਡ ਮੋਰਾਂਵਾਲੀ ਦਾ ਨਾਂ ਉੱਚਾ ਕਰਨ ਵਾਲੇ ਸਾਡੇ ਵੀਰ, ਸਾਡੇ ਬਜ਼ੁਰਗ ਇਸੇ ਸਕੂਲ ਤੋਂ ਪੜ੍ਹ ਕੇ ਗਏ। ਉਹਨਾਂ ਸਭਨਾਂ ਦਾ ਲਗਾਅ ਅੱਜ ਵੀ ਇਸ ਸਕੂਲ ਨਾਲ ਹੈ। ਆਪ ਸਭ ਦਾ ਇਸ ਅਦਾਰੇ ਪ੍ਰਤੀ ਪਿਆਰ ਹੀ ਸੀ ਇਸ ਕਾਰਣ ਇਸਦੀ ਬਦ ਤੋ ਬਦਤਰ ਹੋਈ ਹਾਲਤ ਨੂੰ ਸੁਧਾਰਨ ਵਿੱਚ ਹਰਸੇਵਾ ਮੈਡੀਕਲ ਟਰੱਸਟ ਦੇ ਰੂਪ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ। ਉਹ ਵੀ ਦਿਨ ਸੀ ਜਦੋਂ ਸਕੂਲ ਦੀ ਡਿੰਗੂ-ਡਿੰਗੂ ਕਰਦੀ ਇਮਾਰਤ ਵਿੱਚ 5-10 ਬੱਚੇ ਸਨ। ਕੋਈ ਚਾਰ ਦਿਵਾਰੀ ਨਹੀ ਸੀ। ਗਰਾਉਂਡ ਤੱਪੜ ਦਾ ਰੂਪ ਧਾਰ ਚੁੱਕਾ ਸੀ।ਪਰ ਰੂਹ ਨੂੰ ਲਗਦਾ ਸੀ ਕਿ ਸਾਡੇ ਪਿੰਡ ਦਾ ਸਕੂਲ ਜੋ ਸਿਰਫ ਸਕੂਲ ਹੀ ਨਹੀਂ ਇੱਕ ਤੀਰਥ ਸੀ ਉਹਨਾਂ ਲਈ ਜੋ ਇਥੋਂ ਪੜ੍ਹਕੇ ਗਏ ਸਨ। ਬਹੁਤ ਸਾਰੀਆਂ ਯਾਦਾਂ ਤਾਜ਼ਾ ਹੋ ਜਾਦੀਆਂ ਹਨ, ਪਰ ਸਕੂਲ ਨੂੰ ਵੇਖਕੇ, ਬਹੁਤ ਹੀ ਦੁੱਖ ਲੱਗਦਾ ਸੀ, ਸਕੂਲ ਦੀ ਅਜਿਹੀ ਹਾਲਤ ਤੱਕ ਕੇ।

ਪਰ ਅੱਜ ਇਹ ਸਕੂਲ ਬਹੁਤ ਸਾਰੇ ਅਵਾਰਡ ਜਿੱਤ ਚੁੱਕਾ ਹੈ,ਇਥੇ ਬੱਚਿਆਂ ਦੀ ਚਹਿਲ ਪਹਿਲ ਹੈ। ਇਸਦੀ ਸੁੰਦਰ ਇਮਾਰਤ ਹੈ, ਸਕੂਲ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ।

ਸਿਹਤ ਦੇ ਨਾਲ-ਨਾਲ ਸਿੱਖਿਆ ਦਾ ਮਿਆਰ ਉੱਪਰ ਚੁੱਕਣ ਲਈ ਟਰੱਸਟ ਆਪਣੀਆਂ ਸੇਵਾਵਾਂ ਨਿਭਾ ਰਿਹਾ ਹੈ। ਹਰਸੇਵਾ ਟਰੱਸਟ (ਪਿੰਡ ਮੋਰਾਂਵਾਲੀ ਦੀਆਂ ਕੁਝ ਖਾਸ ਸ਼ਖਸ਼ੀਅਤਾ ਦੇ ਸਮੂਹ) ਦੀ ਸਕੂਲ ਦੇ ਵਾਧੇ ਅਤੇ ਵਿਕਾਸ ਵਿੱਚ ਵਿਸ਼ੇਸ਼ ਭੂਮਿਕਾ ਰਹੀ ਹੈ। ਸਕੂਲ ਨੂੰ ਦੂਜੇ ਸਕੂਲਾਂ ਤੋਂ ਵੱਖਰਾ ਅਤੇ ਸਹੂਲਤਾਂ ਭਰਿਆ ਬਣਾਉਣਾ ਲਈ ਵੱਡਮੁੱਲਾ ਯੋਗਦਾਨ ਦਿੱਤਾ ਗਿਆ ਹੈ। ਟਰੱਸਟ ਦੁਆਰਾ ਸਕੂਲ ਦੀ ਇਮਾਰਤ, ਰੰਗ-ਰੋਗਨ, ਵਿਦਿਆਰਥੀਆਂ ਨੂੰ ਸ਼ਟੇਸ਼ਨਰੀ, ਵਰਦੀਆਂ ਆਦਿ ਸੇਵਾਵਾਂ ਦਿੱਤੀਆ ਗਈਆ।

ਪਿਛਲਾ ਸਾਲ ਬੇਸ਼ੱਕ ਕੋਵਿਡ ਦੇ ਪ੍ਰਕੋਪ ਨਾਲ ਕਿਸੇ ਪਾਸੇ ਵੀ ਚੰਗਾ ਨਹੀਂ ਰਿਹਾ, ਪਰ ਸਰਕਾਰੀ ਐਲੀਮੈਂਟਰੀ ਸਕੂਲ ਮੋਰਾਂਵਾਲੀ ਨੇ ਅਜਿਹੇ ਸਮੇਂ ਵਿੱਚ ਵੀ ਬਹੁਤ ਵਧੀਆ ਯੋਗਦਾਨ ਪਾਇਆ।

| ਵਿਦਿਆਰਥੀਆਂ ਦੀ ਸੰਖਿਆ | |
|---|---|
| 2020-2021 ਸ਼ੈਸਨ ਦੁਰਾਨ | 2019-2020 ਪਿਛਲੇ ਸ਼ੈਸਨ ਦੁਰਾਨ |
| Pre 1- 13 | Pre- 7 |
| Pre 2- 14 | Pre- 7 |
| $1^{st}$ - 10 | !st -20 |
| $2^{nd}$- 20 | $2^{nd}$-15 |
| $3^{rd}$- 15 | 3dr- 17 |
| $4^{th}$- 17 | $4^{Th}$- 16 |
| $5^{th}$- 16 | $5^{th}$- 8 |
| Total= 105 | Total= 90 |

ਜਿਥੇ ਟਰੱਸਟ ਮੋਰਾਂਵਾਲੀ ਸਕੂਲ ਦੀ ਇਮਾਰਤ ਦਾ ਰੱਖ-ਰੱਖਾਅ ਕਰ ਰਿਹਾ ਹੈ ਉੱਥੇ ਹੀ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਸ਼੍ਰੀਮਤੀ ਸਤਿਬੀਰ ਕੌਰ ਹੈੱਡਟੀਚਰ ਵਧੀਆ ਅਗਵਾਈ ਦੇ ਰਹੇ ਹਨ। ਉਥੇ ਮਿਹਨਤੀ ਟੀਚਰ ਸ਼੍ਰੀਮਤੀ ਪਰਵੀਨ ਕੁਮਾਰੀ ਜਿਨਾਂ ਨੇ ਸ਼ੁਰੂ ਤੋਂ ਲੈ ਕੇ ਅੱਜ ਤੱਕ ਹਰਸੇਵਾ ਟਰੱਸਟ ਨਾਲ ਮਿਲਕੇ ਵਧੀਆ ਕੰਮ ਨਾਲ ਸਕੂਲ ਦੀ ਕਾਇਆ ਕਲਪ ਕਰਨ ਵਿੱਚ ਅਹਿਮ ਯੋਗਦਾਨ ਪਾਇਆ। ਸ਼੍ਰੀਮਤੀ ਪ੍ਰਵੀਨ ਕੁਮਾਰੀ ਨੇ ਸਕੂਲ ਦੀਆਂ ਪਿਛਲੇ ਸਾਲ ਦੀਆਂ ਪ੍ਰਾਪਤੀਆ ਬਾਰੇ ਦੱਸਿਆ ਕਿ ਸਕੂਲ ਵਿੱਚ ਆਪਣੇ ਵਲੋਂ ਰੱਖੇ ਦੋ ਟੀਚਰ ਬੱਚਿਆਂ ਨੂੰ ਪੜ੍ਹਾਉਣ ਵਿੱਚ

ਮਦਦ ਕਰ ਰਹੇ ਹਨ ਅਤੇ ਜਿਨਾਂ ਦੀ ਮਦਦ ਨਾਲ ਸਕੂਲ ਵਿੱਚ ਵਿਦਿਆਰਥੀਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਜਿਨਾਂ ਘਰ-ਘਰ ਜਾ ਕੇ ਸਕੂਲ ਵਿੱਚ ਮਿਲਣ ਵਾਲੀਆਂ ਸਹੂਲਤਾਂ ਦਾ ਪ੍ਰਚਾਰ ਕੀਤਾ ਅਤੇ ਸਿੱਟੇ ਵਜੋਂ ਸਕੂਲ ਵਿੱਚ 105 ਵਿਦਿਆਰਥੀਆਂ ਨੂੰ ਸਿਖਿਆ ਦਿੱਤੀ ਜਾ ਰਹੀ ਹੈ ਅਤੇ ਅਗਲੇ ਮਹੀਨੇ ਦਾਖਲਾ ਖੁੱਲ ਜਾਣਾ ਹੈ ਅਤੇ ਹੋਰ ਕਾਫ਼ੀ ਬੱਚੇ ਵੱਧਣ ਦੀ ਉਮੀਦ ਹੈ।।ਟਰੱਸਟ ਵਲੋਂ ਬਿਲਕੁੱਲ ਫ੍ਰੀ ਟਰਾਂਸਪੋਰਟ ਅਤੇ ਸਕੂਲੀ ਬੱਚਿਆਂ ਲਈ ਵਰਦੀ ਦਾ ਪ੍ਰਬੰਧ  ਸਰਕਾਰੀ ਪ੍ਰਾਇਮਰੀ ਸਕੂਲ  ਲਈ ਮਹੱਈਆ ਕਰਵਾਇਆ ਜਾਂਦਾ ਹੈ। ਵੈਨ ਨੂੰ ਚਲਾਉਣ ਦਾ ਖਰਚਾ ਅਤੇ ਡਰਾਇਵਰ ਦਾ ਖਰਚਾ ਟਰੱਸਟ ਕਰ ਰਿਹਾ ਹੈ। ਸਰਕਾਰੀ ਪ੍ਰਾਇਮਰੀ ਸਕੂਲ ਮੋਰਾਂਵਾਲੀ ਵਿੱਚ ਹਰ ਸਾਲ ਬੱਚਿਆਂ ਦਾ ਵਾਧਾ ਹੋ ਰਿਹਾ ਹੈ। ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਬੱਚਿਆਂ ਲਈ ਖੇਡਾਂ ਦਾ ਪ੍ਰਬੰਧ ਹੋ ਸਕੇ, ਛੁੱਟੀਆਂ ਵਿੱਚ ਸਮਰ ਕੈਂਪ ਜਿਸ ਵਿੱਚ ਬੱਚਿਆਂ ਦੇ ਬਹੁਪੱਖੀ ਵਿਕਾਸ ਲਈ ਕਲਾ ਨਾਲ ਜੁੜੀ ਮਨੋਵਿਕਾਸ ਪੱਧਰ 'ਤੇ ਸਿੱਖਿਆ ਦੇਣ ਲਈ ਟਰੱਸਟ ਯਤਨਸ਼ੀਲ ਹੈ। ਸਾਲ 2020-21 ਦੌਰਾਨ ਸਕੂਲ ਨੂੰ ਸਮਾਰਟ ਬਣਾਉਣਾ ਲਈ ਮਿੱਥੇ ਗਏ ਸਾਰੇ ਪੈਰਾਮੀਟਰ ਪੂਰੇ ਕੀਤੇ ਗਏ। ਵਿਭਾਗ ਵਲੋਂ ਬਲਾਕ ਗੜ੍ਹਸ਼ੰਕਰ 1 ਦੇ ਕੁਝ ਖਾਸ ਸਕੂਲਾਂ ਨੂੰ ਪ੍ਰਜੈਕਟਰ ਮੁਹੱਈਆ ਕਰਵਾਏ ਗਏ ਜਿਨਾਂ ਵਿਚੋਂ ਸਰਕਾਰੀ ਐਲੀਮੈਂਟਰੀ ਸਕੂਲ ਮੋਰਾਂਵਾਲੀ ਪ੍ਰਮੁੱਖ ਰਿਹਾ, ਕਮਰਿਆਂ ਵਿੱਚ ਰੰਗ-ਰੋਗਨ ਰਾਹੀ (ਬਾਲ ਵਰਕ) ਭਾਵ ਸਿੱਖਿਆਤਮਕ ਅਤੇ ਗਿਆਨ ਭਰਪੂਰ ਜਾਣਕਾਰੀ ਲਿਖਵਾਈ ਗਈ। ਲਾੱਕਡਾਊਨ ਦੌਰਾਨ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧੇ ਲਈ ਆਨਲਾਇਨ ਸਿੱਖਿਆ ਲਈ ਵਿਭਾਗ ਵਲੋਂ( ਸ਼੍ਰੀਮਤੀ ਸਤਵੀਰ ਕੌਰ, ਸ਼੍ਰੀਮਤੀ ਪਰਵੀਨ ਕੁਮਾਰੀ) ਨੂੰ ਪ੍ਰਸ਼ੰਸਾ ਪੱਤਰ ਦਿੱਤੇ ਗਏ। ਸਕੂਲ ਵਿੱਚ ਗਣਿਤ ਪਾਰਕ ਬਣਵਾਇਆ ਗਿਆ।

ਟਰੱਸਟ ਸਕੂਲ ਦੇ ਬੱਚਿਆਂ ਲਈ, ਉਹਨਾਂ ਦੀ ਪੜ੍ਹਾਈ ਲਈ, ਉਹਨਾਂ ਦੇ ਚੰਗੇ ਭਵਿੱਖ ਲਈ ਹਮੇਸ਼ਾ ਹਾਜ਼ਰ ਹੈ, ਇਹਨਾਂ ਦੀ ਅਣਥੱਕ ਮਿਹਨਤ ਸਦਕਾ ਹੀ ਅੱਜ ਸਕੂਲ ਇਸ ਮੁਕਾਮ ਤੇ ਹੈ ਕਿ ਇਸਦਾ ਜ਼ਿਕਰ ਰਾਜ ਦੇ ਵਧੀਆ ਸਕੂਲਾਂ ਵਿੱਚ ਹੋ ਰਿਹਾ ਹੈ। ਅਸੀ ਉਮੀਦ ਕਰਦੇ ਹਾਂ ਕਿ ਸਕੂਲ ਦੇ ਸਰਕਾਰੀ ਟੀਚਰ, ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀ ਬੱਚਿਆਂ ਦੇ ਚੰਗੇ ਭਵਿੱਖ ਨੂੰ ਮੱਦੇ ਨਜ਼ਰ ਰੱਖਦਿਆਂ ਪੂਰਾ ਸਹਿਯੋਗ ਦਿੰਦੇ ਰਹਿਣਗੇ।











# Fitness and Wellbeing

## ਮੋਰਾਂਵਾਲੀ ਦਾ ਜਿੱਮ (ਜਿੱਮਨੇਜੀਅਮ)

ਸਰੀਰ ਦੀ ਫਿਟਨੈੱਸ ਦੀ ਅਹਿਮੀਅਤ ਨੂੰ ਅਸੀ ਸਮਝਦੇ ਹਾਂ, ਇਸ ਨੂੰ ਮੁੱਖ ਰੱਖਦਿਆਂ ਟਰੱਸਟ ਵਲੋਂ ਮੋਰਾਂਵਾਲੀ ਵਿਖੇ ਜਿਮ ਵਿੱਚ ਸਾਰੀਆਂ ਨਵੀਆਂ ਮਸ਼ੀਨਾਂ ਅਤੇ ਹੋਰ ਲੋੜੀਦਾ ਸਮਾਨ ਲਗਾ ਕੇ ਚਾਲੂ ਕੀਤਾ ਸੀ। ਸਾਨੂੰ ਖੁਸ਼ੀ ਹੈ ਕਿ ਮੋਰਾਂਵਾਲੀ ਦੇ ਨਾਲ ਹੋਰਾਂ ਪਿੰਡਾਂ ਦੇ ਬੱਚੇ ਵੀ ਇਸ ਜਿੱਮ ਦਾ ਫਾਇਦਾ ਲੈ ਰਹੇ ਹਨ। ਜਿੱਮ ਵਿੱਚ ਚੱਲ ਰਹੀਆਂ ਮਸ਼ੀਨਾਂ ਦੀ ਰਿਪੇਅਰ ਅਤੇ ਸਾਂਭ-ਸੰਭਾਲ ਟਰੱਸਟ ਕਰ ਰਿਹਾ ਹੈ। ਆਮ ਤੌਰ ਤੇ ਪਿੰਡਾਂ ਵਿੱਚ ਜਿੱਮ ਬਣਾ ਦਿੱਤੇ ਜਾਂਦੇ ਹਨ,ਪਰ ਉਹ ਸਾਲ-ਦੋ ਸਾਲ ਵਿੱਚ ਮਸ਼ੀਨਾਂ ਖਰਾਬ ਹੋ ਜਾਂਦੀਆਂ ਹਨ ਜਾਂ ਬਿਜਲੀ ਦੇ ਬਿੱਲ ਨਹੀ ਭਰ ਹੁੰਦੇ ਅਤੇ ਜਿੱਮ ਬੰਦ ਕਰ ਦਿੱਤਾ ਜਾਂਦਾ ਹੈ। ਆਪ ਸਭ ਦੇ ਸਹਿਯੋਗ ਨਾਲ ਹਰ ਮਸ਼ੀਨ ਦੀ ਰਿਪੇਅਰ, ਬਿਲਡਿੰਗ ਦੀ ਮੇਨਟੇਨਸ, ਰੰਗ ਰੋਗਨ ਆਦਿ ਸਮੇਂ ਸਿਰ ਹੋ ਰਿਹਾ ਹੈ।

ਟਰੱਸਟ ਨੇ ਮੈਨੂੰ (ਅਮਨਦੀਪ ਸਿੰਘ ਰਾਏ ਸੱਤਵੇਰੀਆਂ) ਅਤੇ ਸੁਖਵੀਰ ਸਿੰਘ ਰਾਏ ਛੋਟਾ ਦਰਵਾਜ਼ਾ ਨੂੰ ਜਿੱਮ ਚਲਾਉਣ, ਦੇਖ-ਰੇਖ ਕਰਨ ਦੀ ਜਿੰਮੇਵਾਰੀ ਦਿੱਤੀ ਹੈ। ਅਸੀ ਪੂਰੀ ਕੋਸ਼ਿਸ ਕਰਦੇ ਹਾਂ ਕਿ ਜਿਮ ਵਧੀਆ ਢੰਗ ਨਾਲ ਸੇਵਾਵਾਂ ਦੇਵੇ। ਹਰ ਸਾਲ ਮਸ਼ੀਨਾਂ ਦੀ ਰਿਪੇਅਰ ਤਾਂ ਕਰਾਉਦੇ ਹੀ ਹਾਂ, ਨਾਲ-ਨਾਲ ਨਵੀਆਂ ਮਸੀਨਾਂ ਵੀ ਜਿੱਮ ਵਿੱਚ ਲਿਆ ਰਹੇ ਹਾਂ। ਇਹ ਸਭ ਕੁਝ ਸਿਰਫ ਮੋਰਾਂਵਾਲੀ ਹੀ ਨਹੀ ਸਗੋਂ ਆਸੇ ਪਾਸੇ ਦੇ ਬਹੁਤ ਸਾਰੇ ਪਿੰਡ ਫਾਇਦਾ ਲੈ ਰਹੇ ਹਨ। ਸੰਧੂ ਪਰਿਵਾਰ ਕਨੇਡਾ ਮੋਰਾਂਵਾਲੀ ਵਲੋਂ ਵੀ  ਮਸ਼ੀਨ ਦੀ ਸੇਵਾ ਹਰਸੇਵਾ ਜਿੱਮ ਲਈ ਕੀਤੀ ਗਈ ਹੈ।

ਇਸ ਸਾਲ ਹੀ ਅਸੀਂ ਟਰੱਸਟ ਅਤੇ ਦਾਨੀ ਸੱਜਣਾਂ ਦੀ ਮਦਦ ਨਾਲ ਟਰੱਸਟੀਆਂ ਦੇ ਦਿਸ਼ਾ-ਨਿਰਦੇਸਾਂ ਅਨੁਸਾਰ ਜੋ ਮਸ਼ੀਨਾਂ ਅਤੇ ਹੋਰ ਸਮਾਨ ਦਾ ਪ੍ਰਬੰਧ ਕੀਤਾ ਗਿਆ:

- ਪੈੱਕ ਡੈੱਕ
- ਰਿਸਟ ਕਰਲ
- ਸੀਟਡ ਕਾਫ਼
- ਡਿਪਿੰਗ ਲੈੱਗ ਰੇਜ਼
- ਟੀ ਬਾਰ ਹੋਲਡਰ
- ਕਵਰ
- ਡੰਬਲ

ਇਸ ਤੋਂ ਇਲਾਵਾ ਵਧੀਆ ਵਾਲ-ਪੇਪਰ ਲਗਵਾਏ ਗਏ ਅਤੇ ਸ਼ੀਸ਼ੇ ਲਗਵਾਏ ਗਏ ਜਿਸ ਦੀ ਦਿਖ ਬਹੁਤ ਹੀ ਸੁੰਦਰ ਲਗਦੀ ਹੈ। ਆਲ੍ਹੇ-ਦੁਆਲੇ ਸੁੰਦਰ ਲਾਈਟਾਂ ਲਾਈਆਂ ਗਈਆਂ ਹਨ।

ਛੋਟੇ-ਛੋਟੇ ਹੋਰ ਵੀ ਬਹੁਤ ਸਾਰੇ ਰੋਜ਼ਮਰਾ ਦੇ ਖਰਚੇ ਹਨ ਜਿਵੇਂ ਕਿ ਬਿਜਲੀ ਦਾ ਬਿੱਲ , ਰੰਗ ਰੋਗਨ ਆਦਿ ਹਨ। ਕੋਈ 20-25 ਨੌਜਵਾਨ ਸਵੇਰੇ-ਸ਼ਾਮ ਆ ਕੇ ਜਿਮ ਦਾ ਫਾਇਦਾ ਲੈ ਰਹੇ ਹਨ।ਇਹ ਗਿਣਤੀ ਪਿਛਲੇ ਸਾਲਾਂ ਵਿੱਚ ਬਹੁਤ ਵੱਧ ਸੀ। ਪਰ ਕੋਵਿਡ ਕਰਕੇ ਗਿਣਤੀ ਘੱਟ ਕਰਨੀ ਪਈ ਹੈ।

ਕਿਸੇ ਵੀ ਅਦਾਰੇ ਨੂੰ ਚੰਗੀ ਤਰ੍ਹਾ ਚਲਾਉਣ ਲਈ ਦੋ ਗੱਲਾਂ ਬਹੁਤ ਜਰੂਰੀ ਹੁੰਦੀਆਂ ਹਨ, ਯੋਗ ਅਗਵਾਈ ਅਤੇ ਪੈਸਾ। ਅਗਰ ਨਾਲ ਪੱਕੇ ਇਰਾਦੇ ਵੀ ਹੋਣ ਤਾਂ ਹੋਰ ਵੀ ਵਧੀਆ। ਸਾਨੂੰ ਟਰੱਸਟ ਵਲੋਂ ਇਹ ਸਭ ਕੁਝ ਮਿਲ ਰਿਹਾ ਹੈ। ਵਾਹਿਗੁਰੂ ਕ੍ਰਿਪਾ ਕਰਨ ਆਪਣੇ ਪਿੰਡ ਦਾ ਜਿਮ ਇਸੇ ਤਰ੍ਹਾਂ ਵਧੀਆ ਚਲਦਾ ਰਹੇ ਅਤੇ ਲੋਕਾਂ ਵਿੱਚ ਨਿਰੋਈ ਸਿਹਤ ਲਈ ਆਪਣਾ ਹਿੱਸਾ ਪਾਉਦਾ ਰਹੇ ਅਤੇ ਨੌਜਵਾਨਾਂ ਨੂੰ ਚੰਗੀ ਸਿਹਤ ਬਣਾਉਣਾ ਦੀ ਚੇਟਕ ਲਾਉਦਾ ਰਹੇ।ਵਾਹਿਗੁਰੂ ਇਸ ਚੰਗੇ ਕੰਮ ਵਿੱਚ ਯੋਗਦਾਨ ਪਾਉਣ ਵਾਲੇ ਸਾਰੇ NRI ਵੀਰਾਂ ਨੂੰ ਚੜ੍ਹਦੀ ਕਲ੍ਹਾ ਵਿੱਚ ਰੱਖਣ। ਜਿਮ ਨੂੰ ਹੋਰ ਵਧੀਆ ਢੰਗ ਨਾਲ ਚਲਾਉਣ ਅਤੇ ਬੱਚਿਆ ਨੂੰ ਇਸ ਪਾਸੇ ਪ੍ਰੇਰਣ ਲਈ ਯੋਗਦਾਨ ਚਲਦਾ ਰਹੇ ਆਉਣ ਵਾਲੇ ਸਮੇਂ ਵਿੱਚ ਵੇਟ ਲਿਫਟਿੰਗ ਮੁਕਾਬਲ ਵੀ ਟਰੱਸਟ ਦੇ ਵਿਚਾਰ ਅਧੀਨ ਹੈ।

With health in mind, Harsewa Medical Trust established a gym in Moranwali. Harsewa Medical Trust has financed new equipment and machines for the gym. We are proud in seeing both our village's and other local village's youth making great use of the gym and reaping consistent long term health benefits. Harsewa Medical Trust is paying for full maintenance and repair of all infrastructure, equipment, and machines in the gym to ensure all users can use the gym efficiently.

Too often, it is the case that organisations establish gyms but are unable to continually manage the upkeep and maintenance of the gyms after a short period of time. However, Harsewa Med-ical Trust, with the support of our contributors is playing a pivotal role in ensuring the longevity of this gym because we understand long term health benefits from exercise and fitness. Our benefactors are playing a key part in driving a healthy and fitness focussed awareness campaign in Moranwali and local villages. The Sandhu family in Moranwali has donated a machine for the gym via Harsewa Medical Trust.


We at the Harsewa Medical Trust are sincerely grateful to all our sponsors and benefactors. Your contributions are greatly appreciated not just by the trust but also by countless people both within Moranwali and around other local geographies. The Pharmacy, annual Camp, Pri-mary School and Gym are functioning efficiently and providing a real difference to the lives of vulnerable and those in most need. Without your wonderful support both monetary and oth-erwise, these individuals would duly suffer from poverty, misguidance, lack of education and access to basic health care. It is on that basis, that we respectfully thank you and look forward to providing growing support and assistance to all those in need.


The trust has appointed Amandeep Singh Rai (Sat Dhehriyan) and Sukhveer Singh Rai (shotta darwaja) for day to day maintenance and managing of the gym.

















# Pingalwara Charitable Institute

HAR SEWA MEDICAL TRUST LIMITED

## ਪਿੰਗਲਵਾੜਾ ਸੇਵਾ

Pingalwara, founded by Bhagat Puran Singh, is a home for the homeless, a hope for the forlorn, a hospital for the sick and a cradle for the orphaned and abandoned child. It was conceived in the serene environment of Gurdwara Dehra Sahib, Lahore where the founder used to come across some destitute and hapless, uncared sick and old people fending for themselves on the road-side footpaths. It was built in Amritsar after the partition of the country. The idea and the need for establishing this institution came into the mind of Bhagat Puran Singh in the said Gurdwara, which was further intensely felt by him in 1934 C.E. when a disabled child of four came under his care.
We at Harsewa Medical Trust truly admire and respect the amazing service that Pingalwara has done and continues to do every single day.

S. Jorawar Singh Rai who is the UK backbone of Harsewa Medical Trust, has been associated with Pingalwara Amritsar for many years. With S. Jorawar Singh Rai's sincere leadership and guidance, Harsewa Medical Trust has been privileged in contributing to the work of Pingalwara Amritsar. Due to this association, Dr Inderjit Kaur and Dr Jagdipk Singh, makes a regular trip to the annual Harsewa Medical Trust Camp in Moranwali.

ਨਵੇਲੀ ਹੈ ਅੱਖ ਵੀ, ਨਵੇਲਾ ਹੈ ਸੁਰਮਾ

ਆਥਣ ਨੂੰ ਸੂਰਜ ਨੇ ਪੱਤਣਾਂ ਤੇ ਖੁਰਨਾ

ਸ਼ਲਾਮਤ ਰਹੂ ਪਾਤਸ਼ਾਹੀ ਜ਼ਮੀਂ ਦੀ

ਆਜਾ ਇਸ ਭੁਲੇਖੇ ਦਾ ਧੂਣਾ ਤਪਾਈਏ

ਜ਼ੁਲਫਾਂ ਦੇ ਛੱਲੇ, ਫਕੀਰਾਂ ਦੇ ਜੇਵਰ

ਦੱਬੀਏ ਤਾਂ ਕਿੱਥੇ ਤੇ ਕਿੱਥੇ ਲੁਕਾਈਏ?

ਇਸ ਭੁਲੇਖਿਆਂ ਅਤੇ ਝੂਠੇ ਝਲਕਾਰਿਆਂ ਭਰੀ ਜਿੰਦਗੀ ਨੂੰ ਸੱਚ ਦੇ ਨੇੜੇ ਲਿਆਉਦੀ ਅਦੁੱਤੀ ਉਦਾਹਰਣ ਸੰਸਥਾ ਪਿੰਗਲਵਾੜਾ, ਸ਼੍ਰੀ ਅਮ੍ਰਿਤਸਰ ਜਿਸ ਦੇ ਸੰਸਥਾਪਕ ਭਗਤ ਪੂਰਨ ਸਿੰਘ ਜੀ ਦੀ ਸਮੁੱਚੇ ਜੀਵਨ ਵਿੱਚ ਮਨੁੱਖਤਾ ਲਈ ਸੇਵਾ, ਸਮੁੱਚੇ ਸੰਸਾਰ ਨੂੰ ਮਾਨਵਤਾ ਨਾਲ ਪਿਆਰ ਲਈ ਪ੍ਰੇਰਿਤ ਕਰਦੀ ਹੈ।ਇਸ ਮਾਨਵਤਾ ਨੂੰ ਪਿਆਰ ਕਰਨ ਵਾਲੇ ਅਦਾਰੇ ਦੇ ਮੁੱਖੀ ਡਾ. ਇੰਦਰਜੀਤ ਕੌਰ ਅਤੇ ਡਾ. ਜਗਦੀਪਕ ਸਿੰਘ ਹਮੇਸ਼ਾ ਆਪਣੇ ਕੀਮਤੀ ਸਮੇ ਵਿੱਚੋ ਸਮਾਂ

ਕੱਢਕੇ, ਹਰਸੇਵਾ ਟਰੱਸਟ ਵਲੋਂ ਉਲੀਕੇ ਜਾਂਦੇ ਸਮੇਂ-ਸਮੇਂ ਤੇ ਕੈਪਾਂ ਵਿੱਚ ਹਾਜ਼ਰੀ ਭਰ ਕੇ ਸੇਵਾਦਾਰਾਂ ਦੇ ਹੌਸਲੇ ਨੂੰ ਵਧਾਉਦੇ ਹਨ, ਟਰੱਸਟ ਵਲੋਂ ਸੰਸਥਾ ਨਾਲ ਜੁੜ ਕੇ ਸੇਵਾ ਦਾ ਮੌਕਾ ਦੇਣ ਲਈ ਧੰਨਵਾਦ ਕੀਤਾ ਜਾਂਦਾ ਹੈ।

ਸ. ਜੋਰਾਵਰ ਸਿੰਘ ਰਾਏ ਹਰਸੇਵਾ ਮੈਡੀਕਲ ਟਰੱਸਟ ਯੂ.ਕੇ. ਜਿੰਨਾ ਨੂੰ ਹਰਸੇਵਾ ਟਰੱਸਟ ਸੰਸਥਾ ਦੀ ਰੀੜ ਦੀ ਹੱਡੀ ਕਿਹਾ ਜਾਂਦਾ ਹੈ, ਲੰਬੇ ਸਮੇ ਤੋ ਆਪਣੀ ਮਿਹਨਤ, ਸੂਝ ਅਤੇ ਸੇਵਾ ਭਾਵਨਾ ਨਾਲ ਪਿੰਗਲਵਾੜਾ ਸੰਸਥਾ ਨਾਲ ਜੁੜੇ ਹਨ। ਲਗਾਤਾਰ ਯੂ.ਕੇ. ਦੀ ਸੰਗਤ ਨੂੰ ਲੋੜਵੰਦ, ਅਪਾਹਿਜ ਅਤੇ ਲਾਚਾਰ ਲੋਕਾਂ ਦੀ ਸੇਵਾ ਵਿੱਚ ਤਿਲਫੁੱਲ਼ ਯੋਗਦਾਨ ਦੇਣ ਲਈ ਪ੍ਰੇਰਿਤ ਕਰਦੇ ਹਨ। ਸ. ਜੋਰਾਵਰ ਸਿੰਘ ਦੀ ਪ੍ਰੇਰਨਾ ਕਰਕੇ ਹਰਸੇਵਾ ਟਰੱਸਟ , ਪਿੰਗਲਵਾੜਾ ਸੰਸਥਾ ਨਾਲ ਜੁੜ ਸਕੇ ਹਨ। ਆਉਣ ਵਾਲੇ ਸਮੇਂ ਵਿੱਚ ਵੀ ਇਸੇ ਤਰ੍ਹਾ ਲੋੜਵੰਦ ਸੰਸਥਾ ਨਾਲ ਜੁੜੇ ਰਹਿ ਕੇ ਸੇਵਾ ਕਰਨ ਦੀ ਤਹਿਜ਼ੀਹ ਅਤੇ ਤਾਗੀਦ ਕਰਦੇ ਹਾਂ।

ਧੰਨਵਾਦ ਸਹਿਤ

# Heartfelt Thanks and Appreciation

With the difficult time at the kissan protest which is currently happening on the Tikri border of Dehli, Harsewa Trust has donated medication, crates of wood for fires as well as blankets for individuals in need during the cold weather. These donations are made on behalf of Harsewa Trust to uplift the spirts and positivity of kissan protesting their rights against the three agricultural laws passed by the Indian Government. We would like to thank all individuals who have participated and supported towards health services and education. Donations have not only been given by Morawali village but additionally many other local villages. We would like to thank all those who have helped in these unpresented times of a global pandemic.

HAR SEWA MEDICAL TRUST LIMITED





ਮੌਜੂਦਾ ਕਿਸਾਨ ਸੰਘਰਸ਼ ਦੌਰਾਨ ਦਿੱਲੀ ਟਿਕਰੀ ਬਾਰਡਰ ਉੱਪਰ ਜੁੱਟੇ ਕਿਸਾਨਾਂ ਦੀ ਸਪੋਰਟ ਲਈ ਹਰਸੇਵਾ ਟਰੱਸਟ ਵਲੋਂ ਦਵਾਈਆਂ, ਬਾਲਣ ਦੀ ਟਰਾਲੀ ਦੀ ਸੇਵਾ ਤੇ ਇਲਾਵਾ ਠੰਡ ਵਿੱਚ ਰੱਖਿਆ ਲਈ ਕੰਬਲੀਆਂ ਦੀ ਸੇਵਾ ਕਰਵਾਈ ਗਈ । ਕਿਰਸਾਨੀ ਸੰਘਰਸ਼ ਵਿੱਚ ਸਮੁੱਚੇ ਕਿਸਾਨਾਂ ਦੀ ਚੜ੍ਹਦੀ ਕਲਾ ਅਤੇ ਹੱਕਾਂ ਦੀ ਜਿੱਤ ਦੀ ਕਾਮਨਾ ਕਰਦੇ ਹੋਏ, ਹਰਸੇਵਾ ਟਰੱਸਟ ਮਾਣ ਨਾਲ ਧੰਨਵਾਦ ਸਹਿਤ ਸਾਰੀਆਂ ਸੇਵਾਵਾਂ ਭਾਵੇ, ਸਿਹਤ ਸੇਵਾਵਾਂ ਵਿੱਚ ਸਹਿਯੋਗ ਦੇਵੇ ਜਾਂ ਸਿਖਿਆ ਦੇ ਖੇਤਰ ਵਿੱਚ ਸੇਵਾਵਾਂ ਹੋਣ, ਸਪੋਰਟਸ ਵਿੱਚ ਸੇਵਾਵਾਂ ਹੋਣ ਇਹ ਸਿਰਫ ਮੋਰਾਂਵਾਲੀ ਪਿੰਡ ਤੱਕ ਸੀਮਤ ਨਹੀ ਹਨ। ਸਾਨੂੰ ਇਹ ਵੀ ਖੁਸ਼ੀ ਹੈ ਕਿ ਹਰਸੇਵਾ ਟਰੱਸਟ  ਨੂੰ ਦਾਨ ਦੇਣ ਵਾਲੇ ਅਤੇ ਆਪ ਸਭ ਵੀ ਸਿਰਫ ਮੋਰਾਂਵਾਲੀ ਤੋਂ ਹੀ ਨਹੀਂ, ਬਹੁਤ ਸਾਰੇ ਪਿੰਡਾਂ ਤੋਂ ਹਨ, ਅਸੀ ਆਪ ਸਭ ਦੇ ਰਿਣੀ ਹਾਂ।

"ਮਿਰਗ ਤੇਰੇ ਅੰਦਰ ਹੀ ਕਸਤੂਰੀ ਹੁੰਦੀ ਹੈ, ਹਰ ਕੰਮ ਦੇ ਵਿੱਚ ਮਿਹਨਤ ਬੜੀ ਹੁੰਦੀ ਹੈ।
ਮੋਮਬੱਤੀ 'ਤੇ ਕਦੇ ਕੜਾਹੇ ਰਿਝਦੇ ਨਹੀ ਹੁੰਦੇ, ਹਿੰਮਤਾਂ ਤੇ ਸਿਦਕਾਂ ਨੂੰ ਸਾਬਤ ਸਬੂਤ ਰੱਖੀ,
ਆਪਣੀ ਸੋਚ ਤੇ ਕਿਰਦਾਰ ਉੱਚਾ ਰੱਖੀ ਕਿਉਕਿ  ਸੂਰਜ ਕਦੇ ਵੀ ਕਣੀਆਂ ਵਿੱਚ ਭਿੱਜਦੇ ਨਹੀਂ ਹੁੰਦੇ।"

These achievements have only been possible due to the big hearts of our donors, who we would like to recognise and thanks them wholeheartedly.

| | Name | Address |
|---|---|---|
| 1 | Create Graphic Services -Paul | Swanscombe UK |
| 2 | Mrs Tejinder Kaur Sanghera | Gravesend |
| 3 | Salakhan Singh | Gravesend |
| 4 | Ajmer Singh Rai | Shropshire |
| 5 | Jasbir Singh Rai | Australia |
| 6 | Majhal Singh Hayer | Belevdere |
| 7 | JHK Construction Jarnail Singh Hayer | Belevdere |
| 8 | Bexley and Sidcup Lions Club | Bexley |
| 9 | Parmjit Singh Rai  S/O Late Dev Singh Rai | Birmingham |
| 10 | Harjinder Singh Rai | Birmingham |
| 11 | Torlachan Singh Rai | Birmingham |
| 12 | Kewal Singh Rai | Birmingham |
| 13 | Harbansh Singh Rai | Birmingham |
| 14 | Ajit Singh Rai Malka | Birmingham |
| 15 | Mohinder Singh Basra | Birmingham |
| 16 | Babis plating ltd | Birmingham |
| 17 | Bhajan Singh | Birmingham |
| 18 | Lember Singh Rai | Birmingham |
| 19 | Pal Singh Rai | Birmingham |

| | | |
|---|---|---|
| 20 | Ajab Singh Rai & Family | Birmingham |
| 21 | Sukwinder Singh Rai s/o Cisha Singh Rai | Birmingham |
| 22 | Rashpal Singh Bangar | Birmingham |
| 23 | Tarlok Singh Hayer s/o Hakam Singh | Birmingham |
| 24 | Gurnek Singh Hayer s/o Hakam Singh | Birmingham |
| 25 | Nappreet Singh s/o Satnam Singh Hayer | Birmingham |
| 26 | Kulvir Singh Rai s/o Balhar Singh | Birmingham |
| 27 | Nachhattar Singh Hayer | Birmingham |
| 28 | Baljinder Singh Rana | Birmingham |
| 29 | Tajpal Singh | Birmingham |
| 30 | Ranjit Singh | Birmingham |
| 31 | Lakhvir Singh | Birmingham |
| 32 | Manjit Singh S/O Malkit Singh | Birmingham |
| 33 | Dayal Singh Hayer | Birmingham |
| 34 | Darshan Singh Rai | Birmingham |
| 35 | Ram Labhaya s/o late Ajit Singh Janagal | Birmingham |
| 36 | Harjit Singh Rai s/o Tarsem Singh Rai | Bradford |
| 37 | Late Pritam Singh Aujala | Canada |
| 38 | Harjot Singh Gill | Canada |
| 39 | D Kaur | Coventry |
| 40 | Bhadar Singh Rai | Coventry |
| 41 | Mohan S Dhotar | Dartford |
| 42 | Nirmail Singh Bhindra | Dartford |
| 43 | Makhan S Dhotar | Dartford |
| 44 | N S Gill | Dartford |
| 45 | Kashmira S Sandhu | Dartford |
| 46 | Jasa Singh Narwan | Dartford |
| 47 | Mohinder S Rai | Dartford |
| 48 | Gian Singh Shokhar | Dartford |
| 49 | B S Deol | Dartford |
| 50 | Kashmir Singh Rana | Dartford |
| 51 | 5 K Design | Dartford |
| 52 | Gurjit Singh Jeeta Rai | Derby |
| 53 | Kashmir Singh Gill | Dubai |
| 54 | Surinder Kaur Hayer | Dubai |
| 55 | Balvir Singh Jhurka | Dubai |
| 56 | Amarjit Singh Hayer | Dubai |
| 57 | Kamaljit Kaur Ratenda | Dubai |
| 58 | Sarbjit Kaur | Ebbsfleet |
| 59 | Mr Zaffer Rashid | Enfield - London |
| 60 | Kashmir Singh Dosanjh | Erith |
| 61 | Sukhdev Singh Kang | Erith |
| 62 | Jaswinder Singh Hayer Kabbad | Erith |
| 63 | Harpal Kaur Thandi | Erith |
| 64 | Kuldeep Kaur Dosanjh | Erith |
| 65 | Balbir Singh Heer s/o Late Gurdass Singh Heer (Forgee) | Erith |



| | | |
|---|---|---|
| 66 | Gurnam Singh Summan | Erith |
| 67 | Amarjit Singh Rai Khan Kana | Glasgow |
| 68 | Baljit Singh | Glasgow |
| 69 | Harnek Singh Rai | Glasgow |
| 70 | Surinder Hayer | Glasgow |
| 71 | Gurnam Singh Rai | Gravesend |
| 72 | Late Atma Singh Rai & Pritam Singh Rai | Gravesend |
| 73 | Mohinder S Pooni | Gravesend |
| 74 | Balkar S Samra | Gravesend |
| 75 | H K Gill | Gravesend |
| 76 | N S Gill | Gravesend |
| 77 | G S Badyal | Gravesend |
| 78 | S Singh | Gravesend |
| 79 | Gurnam Singh | Gravesend |
| 80 | Arron Singh Bains s/o | Gravesend |
| 81 | Jagdev Singh Virdee | Gravesend |
| 82 | Gardesh Singh & Surinder Kaur | Gravesend |
| 83 | Sarbjeet Singh Bans and Kamaljeet Kaur | Gravesend |
| 84 | Jhalman Singh Dhandha | Gravesend |
| 85 | Surinder Singh Dhandha | Gravesend |
| 86 | Kapaldev and Surinder Kaur | Gravesend |
| 87 | Gurnam Singh dhaliwal | Gravesend |
| 88 | Tara Singh Bhalwan | Gravesend |
| 89 | Jaswinder Singh Dhaliwal | Gravesend |
| 90 | Rajinder Singh Rai (Raja) | Gravesend |
| 91 | Amrik Singh Jawanda | Gravesend |
| 92 | Gurdev Singh Rai | Gravesend |
| 93 | Gurdev Kaur Sandhu | Gravesend |
| 94 | Amirk Kaur Bansal | Gravesend |
| 95 | Late Avtar Singh Kooner & Sarinder Kaur | Gravesend |
| 96 | Kuldeep Singh Kandola | Gravesend |
| 97 | Milestone Civil Engineering LTD | Gravesend |
| 98 | Daljit Singh Johal | Gravesend |
| 99 | Ajit Singh Clare | Gravesend |
| 100 | Harbans Kaur Dhillon | Gravesend |
| 101 | Sukhwinder Singh Dhaliwal | Gravesend |
| 102 | Makhan Singh Johal | Gravesend |
| 103 | Ranbir Singh Rai Dany | Gravesend |
| 104 | Kulbir Singh Rai Rocky | Gravesend |
| 105 | Sukhwinder Singh Hayer | Gravesend |
| 106 | Balbir Singh Rai Soudhi | Gravesend |
| 107 | Tag Construction LTD | Gravesend |
| 108 | Jagir Singh Dhanda | Gravesend |
| 109 | Mukhtar Singh Dhillon | Gravesend |
| 110 | Late Jarnail Singh Rai | Hartley |
| 111 | Jasver Singh Rai s/o Gian Singh Rai | Haverhill |

| | | |
|---|---|---|
| 112 | Amrik Singh Rai s/o Gian Singh Rai | Haverhill |
| 113 | P Singh | Hayes |
| 114 | Satnam Singh Hayer | Higham |
| 115 | D S Gharcha | Holy Lodge |
| 116 | Gurdip S Rai | Leicester |
| 117 | Kulwinder Singh Hundal | Leicester |
| 118 | Late Piara Singh Rai | Leicester |
| 119 | Late Sarwan Singh Rai | Leicester |
| 120 | Baldev Singh Rana | Leicester |
| 121 | Jagjet Singh Nagaar | Leicester |
| 122 | Manjit Singh Deol | Leicester |
| 123 | Major Singh Rai | Leicester |
| 124 | Surinder Singh Rai | Leicester |
| 125 | Major Singh Rai | Leicester |
| 126 | Darshan Rai | Leicester |
| 127 | K S Rai | Leicester |
| 128 | Hardev S Rai | Leicester |
| 129 | Pamma S Rai | Leicester |
| 130 | Mana Rai s/o Gurdev Singh Rai | London |
| 131 | Kameldeep Paul | London |
| 132 | Major Singh Heer s/o Late Malkit Singh Heer | London |
| 133 | Mr Harjinder Singh Nagi | London |
| 134 | Jujhar Singh Dhaliwal | Longfield Newbarn |
| 135 | Gian Singh Chahl | Maidstone |
| 136 | Surinder Singh Billa - Khan Khana | Milton Keynes |
| 137 | Jhas Catering | Plunstead |
| 138 | Iknoor Society | Punjab |
| 139 | Dr Prabhjot Singh Dhillon | Punjab |
| 140 | J S Dosanjh | Rochester |
| 141 | Miss Amardeep Paul d/o of Jas Paul | Romford |
| 142 | Manjit and Harish Raithatha | Romford |
| 143 | Miss Tara Singh d/o Mr Balbir Singh Heer | Romford |
| 144 | Gurdial Singh Rai | Sittingbourne |
| 145 | Depa Rai s/o Sawa Singh Rai | Slough |
| 146 | Sansar Singh Rai | Southall |
| 147 | Lehmbar Singh Sandhu | Southall |
| 148 | Balbir Singh Rai | Southall |
| 149 | Late Abkar Singh Rai | Southall |
| 150 | Kamal Singh Hayer | Southall |
| 151 | Bhajan Singh Notta | Southall |
| 152 | Kabeer Singh Rai | Southall |
| 153 | Malkit Singh Hayer | Southall |
| 154 | Jinder Singh Hayer Soma | Southall |
| 155 | Ajit Singh Rai | Southall |
| 156 | Gurnek Singh Rai | Southall |
| 157 | Surjan Singh Toor | Strood |



| | | |
|---|---|---|
| 158 | Gian Singh Surjeet | Strood |
| 159 | Jas Formworks LTD | Strood |
| 160 | Partap Singh s/o Mohan Singh | Toronto |
| 161 | Gurdev Singh | Toronto |
| 162 | Jagtar Hayer | Toronto |
| 163 | Avtar Singh Rai | Toronto |
| 164 | Keshav Randev Patti Wadda Darwaza | Tronoto |
| 165 | Gupat Daan s/o Amandeep Rai | UK |
| 166 | Inderjit Singh | UK |
| 167 | Harbhajan Singh | UK |
| 168 | Harpal Singh | UK |
| 169 | Pal Singh | UK |
| 170 | Kip Fashion | UK |
| 171 | Manjit Singh Hayer | UK |
| 172 | Mohan Singh Hayer | UK |
| 173 | Jarnail Singh Hayer | UK |
| 174 | Monika Heera d/o Kashmir Singh | USA |
| 175 | Kashmir Singh Heer - HOLDAR | USA |
| 176 | Gurnam Singh Rai | USA |
| 177 | Sukhwinder Singh s/o Kashmir Singh | USA |
| 178 | Tirath Singh s/o Dogar Singh | USA |
| 179 | Tajinder Randev Patti Wadda Darwaza | USA |
| 180 | Ranjit Singh Rana 113 Harding Ave, Morton, PA, 19070 | USA |
| 181 | Lakbir Singh Gill 13600 Providence Pl. Bakersfield CA 93314 | USA |
| 182 | Jasvir Singh Gholi | USA |
| 183 | Gurjit Singh s/o Darshan Singh | USA |
| 184 | Balhar Singh Gill | USA |
| 185 | Harmesh Singh Bangar | USA |
| 186 | Satnam Singh Mandhali | USA |
| 187 | Pala Sheemar | USA |
| 188 | Balbir Sheemar | USA |
| 189 | Raj Badhan | USA |
| 190 | Davinder Singh Rai | Vancouver |
| 191 | Jatinder Singh Rai s/o Balbir Singh Rai | Vancouver |
| 192 | Major Singh Gosal | Vancouver |
| 193 | Amritpal Singh Rai | Vancouver |
| 194 | Jit Singh Rai | Vancouver |
| 195 | Balhar Singh Rai | Vancouver |
| 196 | Balbir Singh Hayer ( Billa Bhaji) | Vancouver |
| 197 | Daljit Singh Hayer | Vancouver |
| 198 | Charanjit Singh Riarh | Vancouver |
| 199 | Maltan Singh Rai | Vancouver |
| 200 | Harjinder Singh Rai | Vancouver |
| 201 | Late Kewal Singh Rai | Vancouver |
| 202 | Balbir Kaur w/o late Mohinder Singh Sangha | Walsall |
| 203 | Mr Hardial Singh s/o late Ram Singh Rai | Wednesfield |


| | | |
|---|---|---|
| 204 | Resham Singh Shergill | Wednesfield |
| 205 | Harbans Singh Heera | Wednesfield |
| 206 | Ajit Shergill (Devinder & Sukhdev Shergill) | West Bromwich |
| 207 | Kulwinder Singh Rai (Baba) | Willenhall |
| 208 | Mohan Singh Heer s/o Gurbax Singh Heer | Willenhall |
| 209 | Kinda Gill s/o late Mr Gurmail Singh Gill | Willenhall |
| 210 | Bant Sandhu | Willenhall |
| 211 | Krishan Chander | Willenhall |
| 212 | Sarabjit Hayre and Inderjit Singh Hayre | Willenhall |
| 213 | Bal Raj Jhumat | Willenhall |
| 214 | Kuljeevan Singh Rai s/o Late Billa Rai | Willenhall |
| 215 | Rashpal Singh Heer s/o Late Dev Singh Heer | Willenhall |
| 216 | Surjit Kaur Heer & family w/o late Kartar Singh Heer | Willenhall |
| 217 | Kashmir Singh Heer s/o Late Piara Singh Heer | Willenhall |
| 218 | Manjinder Singh Hayer | Wolverhampton |
| 219 | Jarnail Lakha s/o Harnam Lakha | Wolverhampton |
| 220 | Peter Singh Rai s/o Late Mr Jagat Singh Rai | Wolverhampton |
| 221 | Gurpal Singh Bhatoye s/o late Prito Ram | Wolverhampton |
| 222 | Baljit Singh | |
| 223 | Surinder Singh | |
| 224 | Parveen Builder Banga | |

These achievements have only been possible due to the big hearts of our donors, who we would like to recognise and thank them wholeheartedly.





Notes:



**HAR SEWA MEDICAL TRUST LIMITED**

**For Further Info Contact:**

**Jorawar Singh Rai (Birmingham) 07976 662512**
**Gurjit Singh Rai (Derby) 07415 375758**
**Balbir Singh Rai (Southall) 07723 2085613**
**Gurdial Singh Rai MBE (Dartford) 07960 122911**
**Balbir Singh Hayer (Vancouver) 001-604 8666456**
**Sukjit Singh Rai (Vancouver) 001-7788832164**
**Avtar Singh Rai (Toronto) 001-4166666154**
**Gurneck Singh Rai (Glasgow) 07815 437048**
**Tejinder Randev (USA) 001-6265362588**
**Avtar Singh Brar (Moranwali) 001-919815764608**
**Balbir Heer 07802 788511**

45-49 Burch Road,
Northfleet, Kent DA11 9NE
Tel: 01474 335114 Fax: 01474 363081

Email:info@harsewa.co.uk
Website: www.harsewa.co.uk
Registration Number: 9154615

Facebook: https://www.facebook.com/pages/Har-Sewa-Moranwali